ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY SURA LUDHIANA

## ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ

One Who is longing to see the Almighty, can achieve it from His 'name' (Shabad)

OCT. 98

www.AKJ.Org

ਅਕਤੂਬਰ ੯੮

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਕਲਿ ਕੇਵਲ ਨਾਮ ਅਧਾਰ | ੧. | ੭.ਸਭ ਸਿਖਨ ਕੋ ਹੁਕਮ ਹੈ | ੨੦ |
| ੨.ਨਿਰੰਕਾਰੀ ਨਾਮ | ੪. | ੮.ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ | ੨੨ |
| ੩.ਸਾਤਵਿਕ ਅਹਾਰ | ੭. | ੯.ਗੁਰਬਾਣੀ ਸ਼ੁੱਧ ਉਚਾਰਨ | ੨੮ |
| ੪.ਪਰਤਾਪ ਸਦਾ ਗੁਰ ਕਾ ਘਟਿ ਘਟਿ | ੮. | ੧੦.ਗੁਰੂ ਕੌਣ ਤੇ ਕਿਸ ਤਰਾਂ? | ੩੦ |
| ੫.ਧੰਨੁ ਧੰਨੁ ਰਾਮਦਾਸੁ ਗੁਰ | ੧੩ | ੧੧ ਸੰਗੀਤ-ਰਸ ਅਤੇ ਕੀਰਤਨ-ਰਸ | ੩੨ |
| ੬.ਖੋਜ ਸ਼ਬਦ ਮੈ ਲੇਹ | ੧੫ | ੧੨.ਕਰਮ ਫਿਲਾਸਫੀ | ੩੩ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਪਾ: ੪ ਪ੍ਰਕਾਸ਼ ਦਿਵਸ | ੭ ਅਕਤੂਬਰ | ਗੁਰ ਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ | ੨੨ਅਕਤੂਬਰ |
| ਪਾ: ੭ ਜੋਤੀ ਜੋਤਿ ਸਮਾਉਣ ਦਿਵਸ | ੧੩ ਅਕਤੂਬਰ | ਪਾ: ੧੦ ਜੋਤੀ ਜੋਤਿ ਸਮਾਉਣ | ੨੫ ਅਕਤੂਬਰ |
| ਪਾ: ੮ ਗੁਰਿਆਈ ਦਿਵਸ | ੧੩ ਅਕਤੂਬਰ | ਬੰਦੀ ਛੋੜਿ ਦਿਵਸ ਮੇਲਾ ਅੰਮ੍ਰਿਤਸਰ | ੧੯ ਅਕਤੂਬਰ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਅੰਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇਂ ਚੰਦਿਆਂ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ | |
|---|---|---|---|
| ਇਕ ਪਰਚਾ | 5ਰੁ: | ਹਵਾਈ ਡਾਕ | ਸਮੁੰਦਰੀ ਡਾਕ |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ।...

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆ ਅਨੁਸਾਰ ਆਪਣੇ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ:- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੯ ਜਾਂ 'ਸੂਰਾ ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੬ ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੨
ਅਕਤੂਬਰ ੧੯੯੮
ਅੰਕ ੧੦

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ: ਦੇਸ਼ : ੪੦.ਰੁ: ਵਿਦੇਸ਼ :ਸਮੁੰਦਰੀ ਡਾਕ......੧੪੦.ਰੁ: ਹਵਾਈ ਡਾਕ.......੪੦੦ਰੁ:
ਅਮਾਨਤੀ ਲਾਈਫ ਮੈਂਬਰਸ਼ਿਪ: ਦੇਸ਼ ੪੦੦ ਰੁ: ਵਿਦੇਸ਼ :ਸਮੁੰਦਰੀ ਡਾਕ...੧੪੦੦ਰੁ: ਹਵਾਈ ਡਾਕ.....੪,੦੦੦ਰੁ:
ਚੰਦਾ ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੫.੦੦)

Sura-Internet passward- WWW.SURA-INTERNATIONAL.COM.

## "ਕਲਿ ਕੇਵਲ ਨਾਮ ਅਧਾਰ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ।।
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ।।੧।।
ਪਾਰੁ ਕੈਸੇ ਪਾਇਬੋ ਰੇ ।। ਮੋ ਸਉ ਕੋਊ ਨ ਕਹੈ ਸਮਝਾਇ ।।
ਜਾ ਤੇ ਆਵਾ ਗਵਨੁ ਬਿਲਾਇ ।।੧।। ਰਹਾਉ।।
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।।
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ।।੨।।
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ।।
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ।।੩।।
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ ।।
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ।।੪।।
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ।।
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ।।੫।।
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।।
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ।।੬।।
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।।
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ।।੭।।
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ।।
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ।।੮।।੧।।

(ਗਉੜੀ ਬੈਰਾਗਣਿ (ਰਵਿਦਾਸ ਜੀ),ਪੰਨਾ ੩੪੬)

ਵਿਆਖਿਆ- ਸਤਿਗੁਰ ਅੰਦਰਿ ਸਤੁ ਅਰਥਾਤ ਸਚੁ ਬੋਲਣ, ਸਤਿਵਾਦੀ ਕਰਮ ਕਰਨੇ ਹੀ ਪਰਧਾਨ ਸਨ। ਇਹ ਸਤਜੁਗ ਦੇ ਪਰਧਾਨ (ਮੰਨੇ ਪਰਮੰਨੇ) ਕਰਮ ਸਨ। ਤ੍ਰੇਤੇ ਜੁਗ ਅੰਦਰਿ ਯਗ ਕਰਨੇ ਅਤੇ ਦੁਆਪਰ



www.AKJ.Org

ਜੁਗ ਵਿਖੇ ਪੂਜਾ ਆਚਾਰ ਆਦਿਕ ਕਰਨੇ ਪਰਧਾਨ ਗਿਣੇ ਗਏ ਸਨ। ਏਹ ਤਿੰਨੇ ਜੁਗ ਏਹਨਾਂ ਉਪਰ ਦੱਸੇ ਤਿਹਾਂ ਕਰਮਾਂ ਨੂੰ ਹੀ ਦ੍ਰਿੜ੍ਹਾਉਂਦੇ ਸਨ। ਪ੍ਰੰਤੂ ਕਲਜੁਗ ਵਿਚ ਤਾਂ ਕੇਵਲ ਨਾਮ ਦਾ ਹੀ ਆਧਾਰ ਹੈ ਭਾਵ ਨਾਮ ਅਭਿਆਸ ਰੂਪੀ ਕਰਮ ਹੀ ਪਰਧਾਨ ਹੈ। ਏਸ ਜੁਗ ਵਿਖੇ ਆਨਮਤਿ ਕਿਰਤ ਕਰਮ ਦੀ ਪੇਸ਼ ਨਹੀਂ ਜਾਂਦੀ। ਯਥਾ ਵਾਕ ਭਾਈ ਗੁਰਦਾਸ ਜੀ-

ਕਲਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ॥
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜ ਨ ਪਾਈ॥

ਕਲਜੁਗ ਅੰਦਰਿ ਏਹਨਾਂ ਆਨ ਜੁਗੀ ਕਰਮਾਂ ਦੇ ਕੀਤਿਆਂ ਪਾਰ ਉਤਾਰਾ ਨਹੀਂ ਹੁੰਦਾ। ਕੋਈ ਆਨਮਤ ਕਰਮੀ ਪੁਰਸ਼ ਜ਼ਰਾ ਕਹਿ ਕੇ ਸਮਝਾਵੇ ਤਾਂ ਸਹੀ ਕਿ ਏਹ ਆਨਮਤ ਕਰਮਾਂ ਕਰਕੇ ਪਾਰ-ਉਤਾਰਾ ਕੈਸੇ ਹੋਵੇਗਾ। ਐਸੇ ਕਰਮ ਕੇਹੜੇ ਹਨ ਜਿਹਨਾਂ ਦੇ ਕੀਤਿਆਂ ਆਵਾਗਉਣ (ਲਖ ਚਉਰਾਸੀਹ ਜੂਨਾਂ) ਦੇ ਗੇੜ ਤੋਂ ਛੁਟਕਾਰਾ ਹੋਵੇ। ਏਹਨਾਂ ਆਨ ਜੁਗ ਆਨਮਤ ਕਰਮਾਂ ਦੇ ਕਰਨਿ ਕਰਿ ਤਾਂ ਓਹਨਾਂ ਤੇਹਾਂ ਆਨ ਜੁਗਾਂ (ਸਤਜੁਗ ਤ੍ਰੇਤਾ, ਦੁਆਪਰ) ਅੰਦਰਿ ਭੀ ਕਿਸੇ ਦਾ ਨਿਸਤਾਰਾ ਨਹੀਂ ਹੋਇਆ, ਆਵਾਗਉਣ ਤੋਂ ਛੁਟਕਾਰਾ ਨਹੀਂ ਹੋਇਆ। ਇਸ ਜੁਗ (ਕਲਜੁਗ) ਅੰਦਰਿ ਤਾਂ ਉਕਾ ਹੀ ਨਹੀਂ ਹੋਣਾ। ਕਿਸੇ ਦਾ ਭੀ ਨਿਸਤਾਰਾ ਛੁਟਕਾਰਾ ਨਹੀਂ ਹੋਣਾ। ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਹੀ ਹੋਣਾ ਹੈ। ਆਨਮਤਿ ਅਨੇਕ ਧਰਮਾਂ ਦੇ ਅਸੂਲਾਂ ਅੰਦਰਿ ਬਹੁ ਬਹੁ ਪਰਕਾਰੀ ਕਰਨੇ ਨਿਰੂਪਨ ਕੀਤੇ ਜਾਂਦੇ ਹਨ। ਪਰ ਆਨਮਤ ਧਰਮਾਂ ਕਰਮਾਂ ਅੰਦਰਿ ਗੁਰਮਤਿ ਨਾਮ ਅਭਿਆਸ ਕਰਮ ਦਾ ਕਿਤੇ ਮੁਸ਼ਕ ਮਾਤਰ ਜ਼ਿਕਰ ਨਹੀਂ। ਸਾਰੀ ਲੁਕਾਈ ਉਦੋਂ ਭੀ, ਓਹਨਾਂ ਤੇਹਾਂ ਜੁਗਾਂ ਅੰਦਰਿ ਭੀ ਅਤੇ ਹੁਣ ਭੀ ਏਸ ਕਲਜੁਗ ਅੰਦਰਿ ਭੀ ਓਹੀ ਆਨਮਤਿ ਦ੍ਰਿੜ੍ਹਾਏ ਕਰਮ ਕਾਂਡ ਹੀ ਕਰਦੀ ਦਿਖਾਈ ਦਿੰਦੀ ਹੈ। ਸਾਰਾ ਜਗ ਹੀ ਤ੍ਰੈਜੁਗੀ ਕਰਮ ਕਰਦਾ ਨਜ਼ਰੀਂ ਆਉਂਦਾ ਹੈ। ਪਰ ਓਹਨਾਂ ਨੂੰ ਇਹ ਸੁਧ ਬੁਧ ਨਹੀਂ ਕਿ ਕਿਹੜੇ ਕਰਮ ਕੀਤੇ ਛੁਟਕਾਰਾ ਨਿਸਤਾਰਾ ਹੁੰਦਾ ਹੈ। ਓਹਨਾਂ ਨੂੰ ਇਹ ਪਤਾ ਹੀ ਨਹੀਂ ਕਿ ਕਿਹੜੇ ਕਰਮ ਦੇ ਸਾਧਿਆਂ ਕਲਿਆਣ ਮਈ ਸਚੀ ਸਿੱਧੀ ਪ੍ਰਾਪਤਿ ਹੁੰਦੀ ਹੈ। ਵਾਹੋਦਾਹੀ ਅੰਨ੍ਹੇਵਾਹ ਆਨਮੱਤ ਕਰਮੀ ਆਨਜੁਗ ਧਰਮੀਆਂ ਦੀ ਲਕੀਰ ਦੇ ਫਕੀਰ ਬਣੇ ਹੋਏ ਓਹੀ ਆਨਮੱਤ ਕਰਮ ਕਰਨ ਵਿਚਿ ਹੀ ਪਰਵਿਰਤ ਹੋਏ ਤੁਰੇ ਜਾਂਦੇ ਹਨ, ਕਿਉਂਕਿ ਓਹਨਾਂ ਨੂੰ ਸੱਚੇ ਨਿਸਤਾਰਕ ਛੁਟਕਾਰਕ ਦੀ ਸੂਝ ਬੂਝ ਹੀ ਨਹੀਂ।

ਕਰਮ ਅਕਰਮ, ਕਰਨ ਯੋਗ ਕਰਮ ਅਤੇ ਨਾ ਕਰਨ ਯੋਗ ਕਰਮ ਦੀ ਵੀਚਾਰ ਵਿਚਿ ਬੇਦਾਂ ਪੁਰਾਣਾਂ ਨੂੰ ਵੀਚਾਰਿਆਂ ਸਦਾ ਸੰਦੇਹ ਸ਼ੰਕਾਂ ਹੀ ਰਹਿੰਦਾ ਹੈ। ਦਰਅਸਲ ਬੇਦਾਂ ਪੁਰਾਣਾਂ ਨੂੰ ਸੁਣਿਆਂ ਅਤੇ ਬੇਦਾਂ ਪੁਰਾਣਾਂ ਦੇ ਬਣਾਉਣਹਾਰਿਆਂ ਨੂੰ ਏਸ ਭੇਦ ਦਾ ਪਤਾ ਹੀ ਨਹੀਂ ਕਿ ਕਿਹੜੇ ਕਰਮ ਦੇ ਕੀਤਿਆਂ ਗਤਿ ਮੁਕਤਿ ਕਲਿਆਣ ਨਿਸਤਾਰਾ ਛੁਟਕਾਰਾ ਹੁੰਦਾ ਹੈ। ਉਹ ਓਹੀ ਤ੍ਰੈਗੁਣੀ ਕਰਮ ਕਰਨੇ ਹੀ ਦ੍ਰਿੜ੍ਹਾਉਂਦੇ ਹਨ ਜਿਨ੍ਹਾਂ ਦੇ ਕੀਤਿਆਂ ਅਹੰਕਾਰ ਅਭਿਮਾਨ ਵਧਦਾ ਹੈ। ਕਰਮ-ਕਾਂਡੀਆਂ ਦੇ ਕਰਮ-ਕਾਂਡ ਦਾ ਉਤਪੰਨ ਕੀਤਾ ਹੋਇਆ ਸੰਸਾ ਕਰਮ-ਕਾਂਡੀਆਂ ਦੇ ਹਿਰਦੇ ਅੰਦਰਿ ਸਦਾ ਵਸਦਾ ਹੀ ਰਹਿੰਦਾ ਹੈ, ਕਿਉਂਕਿ ਕਰਮ ਕਾਂਡਾਂ ਦੇ ਕਰਨ ਕਰਿ ਓਹਨਾਂ ਦੇ ਹਿਰਦੇ ਸਦਾ ਅਭਿਮਾਨ ਦੇ ਹੀ ਗ੍ਰਸੇ ਰਹਿੰਦੇ ਹਨ। ਏਸ ਅਭਿਮਾਨ ਨੂੰ ਕਉਣ ਹਿਰੇ ਤੇ ਕਿਵੇਂ ਇਹ ਅਭਿਮਾਨ ਹਿਰਿਆ ਜਾਵੇ। ਅਭਿਮਾਨ ਹਿਰਨਹਾਰਾ ਅਤੇ ਸਾਰੇ ਸੰਸੇ ਦੂਰ ਕਰਨਹਾਰਾ ਕੇਵਲ ਗੁਰਮਤਿ ਕਰਮ ਗਿਆਨ ਹੀ ਹੈ। ਤਿਸ ਦੇ ਓਹ ਨੇੜੇ ਨਹੀਂ ਜਾਂਦੇ। ਹੋਰਨਾਂ ਅੰਧ ਕਰਮਾਂ ਦੇ ਧੰਧ ਬੰਧ ਵਿਚਿ ਬੰਧੇ ਹੋਏ ਹੀ ਰੁੜ੍ਹੇ ਜਾਂਦੇ ਹਨ। ਆਨਮਤ ਕਰਮਾਂ ਦਾ ਖਹਿੜਾ ਨਹੀਂ ਛਡਦੇ। ਉਦਾਹਰਨ ਵਜੋਂ ਆਨਮਤ ਇਸ਼ਨਾਨ ਕਰਮ ਨੂੰ ਹੀ ਲੈ ਲਵੋ। ਆਨਮਤ ਦੇ ਅਸੂਲਾਂ ਮੂਜਬ ਕੇਵਲ ਸਰੀਰਕ ਇਸ਼ਨਾਨ, ਨਾਮ-ਹੀਣ ਤੀਰਥ ਆਦਿ ਦਾ ਪੁਰਬ ਮਜਨੀ (ਮਜਨ ਪੁਰਬੀ) ਇਸ਼ਨਾਨ ਓਹਨਾਂ ਆਨਮਤਾਂ ਅੰਦਰਿ ਇਕ ਧਾਰਮਕ ਕਰਮ ਹੀ ਗਿਣਿਆ ਜਾਂਦਾ ਹੈ। ਸਰੀਰ ਦੇ ਬਾਹਰਲੇ ਪਾਸੇ ਨੂੰ ਪਾਣੀ ਨਾਲ ਧੋਣ ਪਖਾਲਣ ਕਰਕੇ ਅੰਦਰਲਾ ਸੁੱਧ ਨਹੀਂ ਹੁੰਦਾ, ਕਿਉਂਕਿ ਅੰਦਰਿ ਤਾਂ ਨਾਨਾ ਪਰਕਾਰ ਦੇ ਵਿਕਾਰਾਂ ਦੀ ਮੈਲ ਨਾਲਿ ਮਲੀਨ ਹੋਇਆ ਪਿਆ



www.AKJ.Org

ਹੁੰਦਾ ਹੈ। ਬਾਹਰ ਦਾ ਉਦਕ ਇਸ਼ਨਾਨ ਕੀਤਿਆਂ ਭੀ ਮੈਲਾ ਹੀ ਰਹਿੰਦਾ ਹੈ।

ਸੁੱਧ ਹੋਵੇ ਤਾਂ ਕਿਹੜੀ ਬਿਧੀ ਕਰਕੇ ਹੋਵੇ। ਇਕੋ ਬਿਧਿ ਹੈ ਗੁਰਮਤਿ ਨਾਮ ਅਭਿਆਸ ਕਰਮ ਦੀ, ਸੋ ਤਿਸ ਦਾ ਓਹਨਾਂ ਨੂੰ ਪਤਾ ਹੀ ਨਹੀਂ, ਮਹਿਜ਼ ਉਦਕ ਇਸ਼ਨਾਨੀ ਕਰਮਾਂ ਦੇ ਕੁਫੇਰ ਵਿਚਿ ਮਤਸਰੀ ਇਹੋ ਹੀ ਰਹਿੰਦੇ ਹਨ। ਇਹ ਓਹਨਾਂ ਦਾ ਸੌਚ ਇਸ਼ਨਾਨੀ ਕਰਮ ਤਾਂ ਹਾਥੀ ਦੇ ਇਸ਼ਨਾਨ ਵਾਂਗੂੰ ਹੈ ਜੋ ਨਹਾ ਕੇ ਪਿਛੋਂ ਫੇਰ ਖੇਹ ਅਪਣੇ ਉਤੇ ਪਾ ਲੈਂਦਾ ਹੈ। ਤਾਂਤੇ ਇਹ ਸੁਧਤਾਈ ਸੌਚਤਾਈ ਇਸ਼ਨਾਨਤਾਈ ਕਿਸੇ ਲੇਖੇ ਨਹੀਂ। ਏਸੇ ਤਰ੍ਹਾਂ ਹੋਰ ਆਨਮਤੀ ਕਰਮਾਂ ਦੀ ਗੱਲ ਹੈ, ਜੋ ਕਿਸੇ ਭੀ ਲੇਖੇ ਨਹੀਂ ਪੈਂਦੇ।

ਸੁੱਧ ਹੋਈਦਾ ਹੈ ਤਾਂ ਪਾਰਸ ਰੂਪੀ ਨਾਮ ਨੂੰ ਪਰਸੇ ਤੇ ਹੀ ਹੋਈਦਾ ਹੈ, ਜੋ ਪਾਰਸ ਨਾਮ ਕੇਵਲ ਸੱਚੇ ਸਤਿਗੁਰੂ ਦੇ ਦੁਆਰਿਓਂ ਹੀ ਮਿਲਦਾ ਹੈ। ਤਿਸ ਪਾਰਸ ਸੁਪਰਸੀਏ ਗੁਰਮਤਿ ਨਾਮ ਸਰਸੀਏ ਅਭਿਆਸੀ ਜਨ ਦੇ ਇਸ਼ਨਾਨ ਭੀ ਅੰਮ੍ਰਿਤ ਮਜਨੀਏ ਇਸ਼ਨਾਨ ਹੋ ਜਾਂਦੇ ਹਨ। ਸੋ ਤਿਸ ਦੇ ਇਸ਼ਨਾਨ ਕੀਤੇ ਭੀ ਲੇਖੇ ਪੈਂਦੇ ਹਨ। ਸੱਚੀ ਸੁੱਧ ਪਾਰਸ-ਗਤੀ ਕਲਾ ਅੰਮ੍ਰਿਤ ਨਾਮ ਦੀ ਕਮਾਈ ਵਿਚਿ ਹੀ ਹੈ। ਅਤੇ ਇਹ ਅੰਮ੍ਰਿਤ-ਨਾਮ, ਅੰਮ੍ਰਿਤ ਨਾਮ ਦੇ ਸਾਗਰ ਪੂਰੇ ਸਤਿਗੁਰੂ, ਪਾਰੰਸ ਕਲਾ ਪੁੰਜ ਸਤਿਗੁਰੂ ਨੂੰ ਭੇਟਿਆਂ ਹੀ ਵਰਤਦੀ ਹੈ। ਯਥਾ (ਜਿਵੇਂ) ਸੂਰਜ ਦੇ ਉਦੇ ਪ੍ਰਕਾਸ਼ਤ ਹੋਇਆਂ, ਜਿਵੇਂ ਸੂਰਜ ਦੇ ਚੜ੍ਹਿਆਂ ਰਾਤ੍ਰੀ ਦੀ ਗਤਿ ਹੁੰਦੀ ਹੈ, ਅਰਥਾਤ ਜਿਵੇਂ ਸੂਰਜ ਚੜ੍ਹਨ ਨਾਲ ਰਾਤ ਬਿਲਾਇ ਜਾਂਦੀ ਹੈ (ਚਲੀ ਜਾਂਦੀ ਹੈ) ਅਤੇ ਇਹ ਰਾਤ ਵਾਲੀ ਗੱਲ ਸਾਰੇ ਸੰਸਾਰ ਅੰਦਰਿ ਪਰਸਿਧ ਹੈ ਅਤੇ ਜਿਵੇਂ ਤਾਂਬੇ ਦੇ ਨਾਲਿ ਪਾਰਸ ਛੋਹਣ ਨਾਲਿ ਤਾਂਬਾਂ ਤੁਰਤੋ ਫੁਰਤ ਹੀ ਸੋਨਾ ਬਣਿ ਜਾਂਦਾ ਹੈ, ਰੰਚਕ ਦੇਰੀ ਨਹੀਂ ਲਗਦੀ, ਤਿਵੇਂ ਹੀ ਪਰਮ ਪਾਰਸ ਸਤਿਗੁਰੂ ਨੂੰ ਭੇਟੇ ਤੇ ਕਲਜੁਗੀ ਜੀਵਾਂ ਦਾ ਅਗਿਆਨ ਰੂਪੀ ਅੰਧਕਾਰ ਮਿਟਦਾ ਹੈ। ਅਤੇ ਓਹਨਾਂ ਸੰਸਾਰੀ ਜੀਵਾਂ ਦੇ ਜੀਵਨ ਮਨੂਰੋਂ ਕੰਚਨ ਹੋ ਜਾਂਦੇ ਹਨ। ਜਿਨ੍ਹਾਂ ਉਤੇ ਪੂਰਬਲੇ ਲਿਖਤ ਕਰਮਾਂ ਅਨੁਸਾਰ ਨਦਰ ਮੇਹਰ ਹੁੰਦੀ ਹੈ। ਤਿਨ੍ਹਾਂ ਉਤੇ ਪਾਰਸ ਭੂਤੀ ਸਤਿਗੁਰੂ ਨੂੰ ਭੇਟਣ ਦਾ ਕਰਮ ਖੁਲ੍ਹਦਾ ਹੈ। ਪਾਰਸ ਸਰੂਪ (ਮੁਜੱਸਮ ਪਾਰਸ) ਸਤਿਗੁਰੂ ਦੇ ਭੇਟਿਆਂ ਪਾਰਸ ਰੂਪੀ ਅੰਮ੍ਰਿਤ ਨਾਮ ਦੀ ਦਾਤਿ ਮਿਲਦੀ ਹੈ ।ਪਾਰਸ ਸਿਫਤੀ ਕਮਾਈ ਕਰਨ ਕਰਿ ਕਰੂਰ ਕਰਮਾਂ ਦੀ ਮੈਲ ਨਾਲਿ ਜਨਮਾਂ ਜਨਮਾਂ ਦੇ ਮਨੂਰ (ਮਲੀਨ) ਹੋਏਵੇ ਮਨਾਂ ਦੀ ਮੈਲ ਉਤਰ ਜਾਂਦੀ ਹੈ ਅਤੇ ਅੰਦਰਿ ਉਹ ਜੋਤਿ ਪ੍ਰਕਾਸ਼ੀ ਚਾਨਣਾ ਹੋਇ ਆਵੰਦਾ ਹੈ ਜਿਸ ਦੇ ਸਾਹਮਣੇ ਕ੍ਰੋੜਾਂ ਸੂਰਜਾਂ ਦੇ ਚਾਨਣੇ ਮਾਤ ਹਨ। ਇਸ ਬਿਧਿ ਜੋਤਿ ਪ੍ਰਕਾਸ਼ ਦੀ ਰਸ-ਝਲਕ ਨਾਲਿ ਉਪਰਿ (ਦਸਮ ਦੁਆਰ ਵਿਖੇ) ਚੜ੍ਹਿਆ ਮਨ ਉਨਮਨੀ ਅਵਸਥਾ ਤੁਰੀਆ ਪਦ ਨੂੰ ਮਿਲ ਕੇ ਅਭਾਵ ਹੋ ਜਾਂਦਾ ਹੈ। ਤਿਥੇ ਬਜਰ ਕਪਾਟ ਖੁਲ੍ਹ ਜਾਂਦੇ ਹਨ।

ਗੁਰਮਤਿ ਨਾਮ ਅਭਿਆਸ ਕਰਮ ਦੁਆਰਾ ਮਲੀਨ ਮਨ ਨੂੰ ਸਾਫ ਸੁਧ ਕੀਤਿਆਂ ਅਸਤਿ ਮਨ ਨੂੰ ਸਤਿ ਕੀਤਿਆਂ ਸੱਚੀ ਗੁਰਮਤਿ ਭਗਤੀ ਦੀ ਜੁਗਤੀ ਪ੍ਰਗਟੀ ਆਈ। ਸਾਰੇ ਭ੍ਰਮ-ਬੰਧਨੀ ਬਿਕਾਰ ਕੱਟੇ ਗਏ ਅਤੇ ਆਨਮਤ ਕਰਮਾਂ ਦੀ ਮੈਲ ਭੀ ਝੜ ਗਈ। ਪਿਛਲੇ ਜਨਮਾਂ ਤੇ ਆਨ ਜੁਗਾਂ ਵਿਚਿ ਕਮਾਤੇ ਕਰਮਾਂ ਦੀ ਮੈਲ ਭੀ ਇਸ ਬਿਧਿ, ਕੇਵਲ ਇਸੇ ਗੁਰਮਤਿ ਭਗਤੀ ਦੀ ਜੁਗਤੀ ਨਾਲਿ ਹੀ ਕਟੀ ਜਾ ਸਕਦੀ ਹੈ। ਕੇਵਲ ਤਿਨ੍ਹਾਂ ਹੀ ਜੋਤਿ-ਰਸੀਆਂ ਅਭਿਆਸੀ ਜਨਾਂ ਦਾ ਮਨ ਹੀ ਪ੍ਰੇਮਾਂ ਭਗਤੀ ਵਿਚਿ ਵਸ ਰਸ ਕੇ ਪਰਮਾਤਮਾ ਨਾਲਿ ਮਿਲ ਜਾਂਦਾ ਹੈ ਅਤੇ ਮਿਲ ਕੇ ਤੱਦ ਰੂਪ ਹੋ ਜਾਂਦਾ ਹੈ। ਇਕ ਨਿਰਗੁਣ ਵਾਹਿਗੁਰੂ ਦੇ ਨਿਰਗੁਣੀ ਨਾਮ ਅਤੇ ਵਾਹਿਗੁਰੂ ਪਠਾਈ ਨਿਰਗੁਣ ਸਰੂਪ ਗੁਰਬਾਣੀ ਰੂਪ ਗੁਣਾਂ ਦੀ ਅਭਿਆਸ ਕਮਾਈ ਰੂਪੀ ਵੀਚਾਰ ਦਾ ਹੀ ਸਾਰਾ ਪਰਤਾਪ ਹੈ। ਨਹੀਂ ਤਾਂ ਮਨ ਇੰਦਰਿਆਂ ਨੂੰ ਰੋਕਣ ਦੀ ਕਿਰਿਆ ਵਾਲੇ ਬਥੇਰੇ ਜਤਨ ਉਪਾਵ ਸੰਜਮ ਕਰਮ ਕ੍ਰਿਤੇ, ਪਰ ਭਰਮ ਦੀ ਫਾਹੀ ਇਹਨਾਂ ਅਨਿਕ-ਜਤਨੀ ਆਨਮਤਿ ਕਰਮਾਂ ਦੇ ਕੀਤਿਆਂ ਟਾਲੀ ਨਹੀਂ ਟਲਦੀ। ਨਾ ਹੀ ਆਨ ਕਰਮਾਂ ਦੇ ਕੀਤਿਆਂ ਪ੍ਰੇਮਾ ਭਗਤੀ ਉਪਜਦੀ ਹੈ। ਤਾਂਤੇ ਇਨ੍ਹਾਂ ਆਨਮਤ ਕਰਮੀਆਂ ਉਤੇ ਸਦਾ ਉਦਾਸਤਾ ਭਰੀ ਨਿਰਾਸਤਾ, ਅਜਬ ਨਿਰਾਸਤਾ ਭਰੀ ਉਦਾਸੀਨਤਾ ਹੀ ਛਾਈ ਰਹਿੰਦੀ ਹੈ ਇਹ ਹੈ ਇਕ ਵੰਨਗੀ ਮਾਤਰ ਨਿਰਣਾ ਆਨਮਤਿ ਕਰਮਾਂ ਅਤੇ ਗੁਰਮਤਿ ਕਰਮਾਂ ਦੀ ਵਿਲੱਖਣਤਾ ਤੇ ਸਰਬੋਤਮਤਾ ਦਾ।


www.AKJ.Org

# ਨਿਰੰਕਾਰੀ ਨਾਮ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗੁਰ-ਬਖ਼ਸ਼ਿਸ਼ ਰੂਪੀ ਸਤਿਗੁਰ ਦਾ ਸਚਾ ਪਰਸਾਦ ਨਾਮ ਹੀ ਹੈ। ਜਿਸ ਨੂੰ ਇਹ ਸਤਿਗੁਰ ਦਾ ਬਖ਼ਸ਼ਿਆ ਪ੍ਰਸਾਦੁ ਮਿਲਦਾ ਹੈ, ਉਸ ਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦਿ ਕਰ ਮਿਲਿਆ ਨਿਰੰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ, ਰੂਪ-ਰੇਖ ਤੋਂ ਨਿਆਰਾ, ਪਰ ਦਿਬ ਜੋਤੀਜ ਘਟਿ ਘਟਿ ਡੀਠ ਅਡੀਠ ਨਾਮ ਹੈ, ਜੋ ਅਲੱਖ ਪਦਾਰਥ ਕੇਵਲ ਨਾਮ-ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ-

"ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ॥
ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ, ਗੁਰਮੁਖਿ ਅਲਖੁ ਲਖਾਵਣਿਆ॥
.........ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥"

*ਨਾਮ ਨਾਮੀ ਦੀ ਦਿਬ ਜੋਤਿ ਦੀ ਅਲੱਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਮਹਿ ਖ਼ਾਲਸ ਜੋਤਿ ਜਗਨੰਤਰੀ ਖ਼ਾਲਸਾ ਜਨਾਂ ਦਾ ਪੁੰਜ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰਮੰਤਰ ਦ੍ਰਿੜ੍ਹਾ ਸਕਦਾ ਹੈ।* ਅਜਿਹੇ ਇਕ ਇਕੱਲੇ ਖ਼ਾਲਸਾ ਜਨ ਨੂੰ ਨਾਮ ਗੁਰਮੰਤ੍ਰ ਦੇਣ-ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੈ, ਚਾਹੇ ਉਹ ਕਿਤਨਾ ਉਚਾ ਸੁੱਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਹੀ ਹੋਵੇ। ਭੂਤ ਭਵਿੱਖਤ ਦੇ ਦਾਨੀ (ਤ੍ਰੈਕਾਲ ਦਰਸੀ) ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰਤਾ ਦੇ ਅਹਿਦ ਸਮੇਂ ਹੀ ਪੰਜਾਂ ਪਿਆਰਿਆਂ ਵਾਲਾ ਧਰੁਵਾ ਬੰਨ੍ਹ ਦਿਤਾ। ਇਥੋਂ ਤਾਈਂ ਕਿ ਖ਼ੁਦ ਚੋਜੀ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਅਰੰਭ ਦੇਵੇ। ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸਚੇ ਪਾਤਸ਼ਾਹ, ਅਗੇ ਲਈ ਹਮੇਸ਼ਾ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆ ਦੀ ਹਜ਼ੂਰੀ ਮਨਜ਼ੂਰੀ ਵਿਚ ਨਾਮ ਦਾਨ ਦਿੰਦੇ-ਦ੍ਰਿੜ੍ਹਾਉਂਦੇ ਰਹੇ। ਆਪਣੇ ਜੋਤੀ ਜੋਤਿ ਸਮਾਉਣ ਸਮੇਂ ਤੋਂ ਪਹਿਲਾ ਹੀ ਇਹ ਪੱਕਾ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰ-ਗੱਦੀ ਤੇ ਸਸ਼ੋਭਤ ਰਹਿਣਗੇ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖ਼ਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਸਾਡੀ ਤਾਬਿਆ ਧੁਰਵਾ ਬੱਝ ਰਿਹਾ ਹੈ।

ਗੁਰੂ ਦਸਮੇਸ਼ ਜੀ ਦੇ ਖ਼ਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਿਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ-ਪਾਹੁਲੀ ਅੰਮ੍ਰਿਤ ਛਕਾਉਣਾ ਸੀ। ਜੋ ਗੁਰੂ ਪਾਤਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ। ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ। ਗੁਰਮਤਿ-ਨਾਮ ਦੀ ਮਹਿਮਾ ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖਿ ਜਨ, ਨਾਮ ਗੁਰਮਤਿ ਗੁਰਸਿਖੀ ਦੇ ਉਮੈਦਵਾਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਸਤਿਗੁਰ-ਸਰਣੀਂ ਲਿਆਉਣ ਦੀ ਅਥੱਕ ਸੇਵਾ ਵਿਚ ਜੁਟੇ ਰਹਿੰਦੇ ਸਨ। ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿਖੀ ਪਰਦਾਨ ਨਹੀਂ ਕਰਦੇ ਸਨ ਅਤੇ ਇਸ ਬਿਧਿ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ।


www.AKJ.Org

ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ ਗੁਰ-ਮੰਤ੍ਰ ਦੇ ਦਾਤੇ ਬਣਨ ਤੋਂ ਹੈ, ਇਹ ਵਾਦੜੀਆਂ ਕੁਵਾਦੜੀਆਂ ਖ਼ਬਰ ਨਹੀਂ ਕਦੋਂ ਕੁ ਤੋਂ ਪਰਚਲਤ ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆਂ ਉਨ੍ਹਾਂ ਦੇ ਪੈਰਾਂ ਤੋਂ, ਜੋ ਗੁੜ੍ਹ ਗੁਰਮਤਿ ਦੇ ਤੱਤ-ਆਸ਼ੇ ਤੋਂ ਅਗਿਆਨੀ ਸਨ ਜਿਨ੍ਹਾਂ ਨੂੰ ਗੁਰੂ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ। ਇਹ ਖ਼ਬਰੇ ਕਿਵੇਂ ਪੈ ਗਿਆ ਸੀ ?

ਭਾਈ ਗੁਰਦਾਸ ਜੀ ਸਾਰਖੇ ਤੱਤ-ਬੇਤੇ ਗੁਰਮੁਖ ਜਨ ਅਤੇ ਬਾਬੇ ਬੁੱਢੇ ਸਾਰਖੇ ਬ੍ਰਹਮ ਗਿਆਨੀ ਤਾਂ ਸੰਗਤਾਂ ਨੂੰ ਦੂਰ-ਦੁਰਾਡਿਆਂ ਥਾਵਾਂ ਤੋਂ ਪਰੇਰ ਪਰੇਰ ਕੇ ਗੁਰ-ਸਰਣਾਗਤਿ ਲਿਆਉਂਦੇ ਰਹੇ ਅਤੇ ਗੁਰ ਸਤਿਗੁਰੂ ਪਾਸੋਂ ਹੀ ਨਾਮ ਗੁਰਮੰਤਰ ਦਾ ਦਾਨ ਅਤੇ ਗੁਰਸਿਖੀ ਪਰਦਾਨ ਕਰਾਉਂਦੇ ਰਹੇ, ਉਹ ਕਦੇ ਖ਼ੁਦ ਗੁਰੂ ਬਣ ਕੇ ਨਹੀਂ ਬੈਠੇ, ਨਾ ਹੀ ਉਨ੍ਹਾਂ ਨੇ ਨਾਮ ਗੁਰਮੰਤਰ ਖ਼ੁਦ ਕਿਸੇ ਪ੍ਰਾਣੀ ਨੂੰ ਦਿਤਾ, ਨਾ ਕਿਸੇ ਨੂੰ ਆਪਣਾ ਸਿਖ ਬਣਾਇਆ, ਨਾ ਆਪਣੇ ਆਪ ਨੂੰ ਗੁਰੂ ਸਦਵਾਇਆ। ਨਹੀਂ ਤਾਂ ਹੁਣ ਨੂੰ ਉਹਨਾਂ ਦੀਆਂ ਸਿਖੀ-ਸੇਵਕੀ ਦੀਆਂ ਪੱਧਰਾਂ ਕਦੇ ਦੀਆਂ ਪਰਚਲਤ ਹੋ ਗਈਆਂ ਹੁੰਦੀਆਂ, ਬ੍ਰਹਮ-ਬੇਤੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ। ਇਹੀ ਤਾਂ ਅਜਰ ਨੂੰ ਜਰਨ ਵਾਲੀ ਗੁਰ-ਹੁਕਮਾਂ ਸਿਰ ਹੁਕਮ ਦੀ ਸਫਲ ਕਮਾਈ ਹੈ। ਇਹੀ ਸੱਚੀ ਗੁਰਸਿਖੀ ਹੈ। ਇਹੀ ਨਾਮ ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ-ਅਵਸਥਾ ਹੈ, ਜੋ ਪੂਰਨ ਗੁਰ-ਮਰਯਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ-ਦਾਤ ਦੀ ਬਖ਼ਸ਼ਸ਼ ਕਰ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ।

ਜੋ ਇਥੋਂ ਰਾਈ ਮਾਤਰ ਭੀ ਘੁਥ ਗਏ, ਸੇ ਕਾਂਪ ਖਾ ਗਏ; ਅਤੇ ਅਕਸਰ ਓਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਯਾ ਜਿਨ੍ਹਾਂ ਤੋਂ ਨਾਮ-ਦਾਤ ਪੂਰਨ ਗੁਰ-ਮਰਯਾਦਾ ਅਨੁਸਾਰ ਪ੍ਰਾਪਤ ਕਰ ਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ, ਉਹ ਅੱਤ ਚੜ੍ਹਦੀ ਆਤਮ ਬਵਸਥਾ ਤੋਂ ਉਸ ਮਨਮਤ ਦੇ ਕਾਰਨ ਹੀ ਇਕ-ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ।

ਇਕ ਗੁਰਮੁਖਿ ਨਾਮ ਕਮਾਈਆਂ ਵਾਲੇ ਸਿਖ ਸਜਣ ਦੀ ਇਥੋਂ ਤਾਈਂ ਆਤਮ ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ-ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰ, ਤਿਆਰ-ਬਰ-ਤਿਆਰ ਸਿੰਘ ਸਜੇ, ਪਰ ਉਹ ਸਜਣ ਵਿਚ-ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ-ਅਭਿਆਸ ਉਕਾ ਹੀ ਖੜੋ ਗਿਆ। ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਝ ਨਾ। ਓੜਕ ਜਦੋਂ ਨਾਮ-ਰਸੀਅੜੇ ਸਿੰਘ ਸਵਅਜਨਾਂ ਦੇ ਸਨਮੁਖ ਗੁਰੂ-ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਸਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰ-ਮੰਤਰ ਦੇਣ ਲੱਗ ਗਿਆ ਸੀ। ਉਸ ਦੀ ਇਸ ਬਜਰ ਭੁੱਲ ਦਾ ਜਦੋਂ ਗੁਰ-ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆ ਤਾਂ ਤਤਕਾਲ ਹੀ ਉਸ ਦਾ ਨਾਮ-ਅਭਿਆਸ ਤੁਰ ਪਿਆ, ਜੋ ਅਗੇ ਪਥਰਾਇਆ ਗਿਆ ਸੀ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਤੇ ਇਕੱਲੇ ਨਾਮ ਦੇਣ ਵਾਲਿਆਂ ਦੋਹਾਂ ਦੀਆਂ ਨਾਮ-ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆਂ ਹਨ। ਜਿੰਨੀਆਂ ਵੀ ਇਸ ਤਰ੍ਹਾਂ ਨਾਮ ਦੇਣ ਵਾਲਿਆਂ ਦੀਆਂ ਸੰਪਰਦਾਵਾਂ ਚਲੀਆਂ ਹਨ, ਸਭੇ ਹੀ ਤੱਤ-ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਰੀਆਂ ਤੇ ਅਧੂਰੀਆਂ ਰਹਿ ਜਾਂਦੀਆਂ ਹਨ। ਚਾਹੇ ਕਿਤਨੀਆਂ ਰਿੱਧੀਆਂ ਸਿੱਧੀਆਂ ਉਹਨਾਂ ਦੀਆਂ ਪਰਸਿੱਧ ਹੋਣ, ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਵਸਥਾ ਤੇ ਪੁਗ ਖਲੋਣ ਖੁਣੋਂ ਇਹ ਸਭ ਬੱਦਲ ਦੀ ਛਾਈ ਹੀ ਜਾਣੋ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖ਼ਸ਼ੀਆਂ ਗਈਆਂ, ਸੋ ਗੁਰਮਤਿ


www.AKJ.Org

ਦੇ ਪਰਚਾਰ ਲਈ ਬਖ਼ਸ਼ੀਆਂ ਗਈਆਂ, ਨਾ ਕਿ ਗੁਰੂ ਦਾ ਡਿੰਭ ਧਾਰਨ ਲਈ। ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦਾਨ ਨਹੀਂ ਸੀ ਕਰਦੇ, ਤਾਂ ਇਤਿਹਾਸ ਤੋਂ ਇਹ ਗੱਲ ਭੀ ਸਿੱਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦੇਂਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਇਹ ਗੱਲ ਲਿਖ ਕੇ ਭੀ ਦਿਤੀ ਹੈ ਤਾਂ ਉਸ ਦਾ ਇਹ ਮਨ-ਉਕਤ ਢਕੌਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ।

ਇਹ ਗੁਰਦੇਵ ਅਤੇ ਚਾਟੜਿਆਂ ਦੇ ਗੁਰਿ-ਡਿੰਭ-ਡਮ ਸਿਲਸਿਲੇ ਆਪ-ਮੁਹਾਰੇ ਹੀ ਚਲੇ। ਇਹ ਜਿਤਨੀਆਂ ਭਿੰਨ ਭਿੰਨ ਸੰਪ੍ਰਦਾਈ ਪੱਧਤਾਈ ਸ਼੍ਰੇਣੀਆਂ ਹਨ,ਸਭ ਗੁਰਮਤਿ ਤੋਂ ਆਕੀ ਸ਼੍ਰੇਣੀਆਂ ਹਨ। ਬਹੁਤ ਸਾਰੀਆਂ ਸ਼੍ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਅੱਲਾਂ ਪੈ ਗਈਆਂ। ਪਰ ਸਿਧ ਭਜਨੀਕ ਹਸਤੀਆਂ ਨੂੰ ਲੋਕੀਂ ਬੜੇ ਬੜੇ ਕੱਟਰ ਤੱਤ ਖ਼ਾਲਸੇ ਭੀ ਇਤ ਵਲੇ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅਜ ੩ ਫ਼ਰਵਰੀ ੧੯੩੬ ਦਾ 'ਖ਼ਾਲਸਾ ਸੇਵਕ' ਅਖ਼ਬਾਰ ਪਇਆ ਹੈ ਜਿਸ ਦੇ ਪੰਨੇ ੬ ਉਤੇ 'ਸਿਖ ਰਾਜ ਸਮੇਂ ਦੀ ਮਾਈ' ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ-

"ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਜੀ ਗਿਆਨੀ ਤੋਂ ਅੰਮ੍ਰਿਤ ਛਕਿਆ"।

ਦੇਖੋ, ਕੈਸੀ ਗੁਰਮਤਿ ਦੇ ਤੱਤ-ਅਸੂਲੋਂ ਗਿਰੀ ਹੋਈ ਗੱਲ ਲਿਖੀ ਹੈ। ਚਾਹੇ ਇਹ ਸਧਾਰਨ ਹੀ ਲਿਖੀ ਗਈ ਹੋਵੇਗੀ, ਪਰ ਇਸ ਨੂੰ ਦੇਖ ਪੜ੍ਹ ਕੇ ਜਣਾ-ਕਣਾ ਸਾਧਾਰਨ ਆਦਮੀ ਇਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ।

ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪ੍ਰਸ਼ੋਤਮ ਸਨ। ਓਹਨਾਂ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ, ਪਰ ਅਕਸਰ ਲੋਗ ਬਹੁਤ ਸਿੱਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ,"ਜੀ । ਮੈਂ ਸੰਤ ਸ਼ਾਮ ਸਿੰਘ ਜੀ ਤੋਂ ਅੰਮ੍ਰਿਤ ਛਕਿਆ।" ਸੰਤ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਹੀ ਬਾਣੀ ਬਹੇ, ਪਰ ਇਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ ਫਲਾਣਾ ਸਿਖ ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂਕਿ ਸੰਤ ਜੀ ਨੂੰ ਗੁਰੂ-ਡੰਮ ਦੀ ਕਦੇ ਭੀ ਚਾਟ ਨਹੀਂ ਲੱਗੀ; ਜਿਨ੍ਹਾਂ ਨੂੰ ਚਾਟ ਲੱਗੀ ਹੈ, ਉਹਨਾਂ ਪ੍ਰਥਾਇ ਤਾਂ ਕਿੰਨੀਆਂ ਕੁ ਕਹਿਵਤਾਂ ਪਰਚਲਤ ਹੋਈਆਂ ਹੋਣਗੀਆਂ ।

ਸੋਲ੍ਹਾਂ ਸਾਲ ਦੀ ਜੇਲ੍ਹ-ਯਾਤ੍ਰਾ ਤੋਂ ਵਾਪਸ ਆਉਣ ਪਰ ਮੈਨੂੰ ਇਕ ਸਿੰਘ ਘਰ ਆ ਕੇ ਮਿਲਿਆ। ਉਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣੂੰ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆ ਨਹੀਂ। ਜਦ ਜਾਣ ਪਛਾਣ ਕਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਸ ਆਖਿਆ "ਜੀ ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।" ਮੈਂ ਆਖਿਆ, ਕੁਝ ਅਕਲ ਦੀ ਗੱਲ ਕਰੋ। ਉਹ ਸਮਝ ਗਿਆ ਤੇ ਫੇਰ ਆਖਣ ਲੱਗਾ,"ਜੀ, ਮੈਥੋਂ ਭੁੱਲ ਹੋ ਗਈ ਮੈਂ ਤਾਂ ਆਖਣਾ ਸੀ (ਮੇਰਾ ਮਤਲਬ ਤਾਂ ਇਹ ਸੀ) ਕਿ ਤੁਹਾਡੇ ਜੱਥੇ ਤੋਂ ਹੀ ਅੰਮ੍ਰਿਤ ਛਕਿਆ ਹੈ।" ਮੈਂ ਬੋਲਿਆ-ਤੁਸੀਂ ਫੇਰ ਭੁੱਲ ਕਰਦੇ ਹੋ, ਮੇਰਾ ਜੱਥਾ ਕੀ । ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦਾ ਦੇਖਿਆ ਹੈ। ਉਸ ਠਠੰਬਰ ਕੇ ਆਖਿਆ-"ਜੀ ! ਜਿਸ ਜੱਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਇਹੀ ਮੁਰਾਦ ਹੈ ।" ਇਹ ਗੱਲ ਪਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇ ਪਰਕਾਰ ਮੇਰੀ ਪਿੱਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।


www.AKJ.Org

ਸਾਨੂੰ ਪ੍ਰਪਕ ਨਿਸਚਾ ਹੈ ਅਤੇ ਪੱਕੀਆਂ ਗਵਾਹੀਆਂ ਇਸ ਗੱਲ ਦੀਆਂ ਮਿਲਦੀਆਂ ਹਨ ਕਿ ਸੰਤ ਬਾਲਕ ਸਿੰਘ ਹੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਹੀ ਕਦੇ ਇਕੱਲਿਆਂ ਕਿਸੇ ਨੂੰ ਨਾਮ ਦਿਤਾ। ਇਹ ਜੋ ਗੱਲ ਪਰਚਲਤ ਹੈ ਕਿ ਬਾਬਾ ਰਾਮ ਸਿੰਘ ਜੀ ਭੈਣੀ ਵਾਲਿਆਂ ਨੇ ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤ੍ਰ ਲਇਆ, ਇਹ ਗੱਲ ਉਕੀ ਹੀ ਨਿਰਮੂਲ ਹੈ। ਹਾਂ। ਇਹ ਗੱਲ ਸੱਚ ਹੈ ਕਿ ਓਹਨਾਂ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਉਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ। ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੁਆਰਾ ਨਾਮ-ਗੁਰਮੰਤ੍ਰ ਲਇਆ ਗਇਆ। ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤਿਆਰ ਹੁੰਦਾ ਰਿਹਾ, ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੇ ਐਨ ਅੰਮ੍ਰਿਤ ਸਮੇਂ ਪੂਰਨ ਗੁਰ-ਮਰਯਾਦਾ ਅਨੁਸਾਰ ਹੀ ਗੁਰਮੰਤ੍ਰ ਦੇਣ ਲੈਣ ਦੀ ਗੁਰਮੌਤਿ ਰੀਤ ਸੁਰੀਤ ਚਲਦੀ ਰਹੀ। ਪਿਛੋਂ ਆ ਕੇ ਗੱਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁਜੀ ਕਿ ਇਕ ਇਕ ਨਾਮਧਾਰੀ ਸਿਖ ਅੱਡੋ ਅੱਡੀ ਕਈ ਅਨ-ਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਿਆ, ਅਤੇ ਦੇਖਿਆ ਜਾਂਦਾ ਹੈ, ਜਿਸ ਵਤੀਰੇ ਨੇ ਗੁਰਮੰਤ੍ਰ ਲੈਣ ਦੇਣ ਦੀ ਖੇਡ ਨੂੰ ਹਾਸੋ-ਹੀਣਾ ਬਣਾ ਛਡਿਆ ਹੈ।

ਐਸਾ ਬਿਗਾੜ ਹੀ ਨਿਰਮਲੇ ਆਦਿਕ ਹੋਰ ਸੰਪਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ। ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ। ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸੱਚਾਈ ਤੇ ਪੁਚਾਉਂਦੀ ਹੈ ਕਿ ਇਕ ਸਿਖ ਦੇ ਗੁਰਮੰਤ੍ਰ ਦਿਤਿਆਂ ਪੂਰਨ ਗੁਰੱਤ-ਕਲਾ ਨਹੀਂ ਵਰਤਦੀ; ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ-ਕਲਾ ਵਰਤੇ ਬਿਹੂਣ ਨਾਮ-ਗੁਰਮੰਤ੍ਰ ਸਰਬ-ਕਲਾ ਸੰਪੂਰਨ ਸਹਾਈ ਅਤੇ ਫਲ-ਪ੍ਰਦਾਈ ਨਹੀਂ ਹੁੰਦਾ ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪਰਤਾਪ ਕਰ ਹੀ ਵਰਤਦੀ ਹੈ। ਅਨੇਕਾਂ ਹੀ ਗੁਰਵਾਕ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ।

('ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ)

## ਸਾਤਵਕ ਅਹਾਰ

ਬਾਬਾ ਹੋਰ ਖਾਣਾ ਖੁਸੀ ਖੁਆਰ ॥ਜਿਤ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਪ੍ਰਭੂ ਨੇ ਹਰ ਇਕ ਜੀਵ ਦਾ ਭੋਜਨ ਉਸ ਦੇ ਇਸ ਸੰਸਾਰ ਤੋਂ ਆਉਣ ਤੋਂ ਪਹਿਲਾਂ ਹੀ ਬਣਾ ਦਿਤਾ ਹੈ। ਫਿਰ ਜੀਵ ਨੂੰ ਇਸ ਧਰਤੀ ਤੇ ਭੇਜਿਆ ਹੈ।

"ਪਹਿਲੋ ਦੇ ਜੇ ਰਿਜਕ ਸੰਭਾਹਾ ਪਿਛੋ ਦੇ ਜੇ ਜੰਤ ਉਪਾਹਾ"

ਪ੍ਰਭੂ ਨੇ ਆਦਮੀ ਨੂੰ ਹੀ ਸਰਵ ਸ੍ਰੇਸ਼ਟ ਜੀਵ ਪੈਦਾ ਕੀਤਾ ਹੈ ਤੇ ਇਸ ਵਾਸਤੇ ਉਸ ਨੇ ਹੀ ਇਸ ਦਾ ਅਹਾਰ ਸਾਕਾਹਾਰੀ ਰਖਿਆ ਹੈ ਕਿਉਂਕਿ ਮਾਸਾਹਾਰੀ ਅਹਾਰ ਅਵੱਸ਼ ਹੀ ਸਾਡੀ ਚੇਤਨਾ ਉੱਤੇ ਭੈੜਾ ਅਸਰ ਪਾਉਂਦਾ ਹੈ। ਸ਼ਾਕਾਹਾਰੀ ਆਹਾਰ ਅਸੀਂ ਕਿਉਂ ਕਰਦੇ ਹਾਂ ? ਉਹ ਇਸ ਲਈ ਨਹੀਂ ਕਿ ਸ਼ਾਕਾਹਾਰੀ ਪਦਾਰਥਾ ਵਿਚ ਜੀਵ (ਜਾਨ ਜਿੰਦਗੀ) ਨਹੀਂ ਹੁੰਦੀ। ਪ੍ਰਭੂ ਦੀਆਂ ਬਣਾਈਆਂ ਚਾਰ ਖਾਣੀਆਂ ਵਿਚੋਂ ਉਤਭੁਜ ਖਾਣੀ ਨੂੰ ਹੀ ਸਾਤਵਕ ਭੋਜਨ ਕਿਉਂ ਕਿਹਾ ਗਿਆ ਹੈ ਉਹ ਇਸ ਲਈ ਕਿ ਵਨਸਪਤੀ ਵਿਚ ਜਾਨ ਹੋਣ ਤੋਂ ਇਲਾਵਾ ਉਸ ਵਿਚ ਚੇਤਨਾ ਨਹੀਂ ਹੁੰਦੀ ਇਸ ਲਈ ਹੀ ਵਿਚਾਰਵਾਨਾਂ ਨੇ ਇਸ ਨੂੰ ਸਾਤਵਕ ਭੋਜਨ ਕਰਾਰ ਦਿਤਾ ਹੈ ਹੋਰ ਬਾਕੀ ਤਿੰਨਾ ਖਾਣੀਆਂ ਵਿਚ ਜਾਨ ਹੋਣ ਦੇ ਬਾਵਜੂਦ ਚੇਤਨਾ ਵੀ ਹੁੰਦੀ ਹੈ ਜਿਸ ਦੁਆਰਾ ਉਹ ਜੀਵ ਆਪਣੀ ਮਨ ਦੀ ਮਰਜੀ ਨਾਲ ਚਿਤਵ ਕੇ ਫਿਰ ਉਹ ਕਰਮ ਕਰਦਾ ਹੈ ਜਾਂ ਕਰ ਸਕਦਾ ਹੈ ਪਰ ਵਨਸਪਤੀ ਜੀਵ ਇਹ ਨਹੀਂ ਕਰ ਸਕਦੇ ਇਸੇ ਲਈ ਹੀ ਸਾਕਾਹਾਰੀ (ਵਨਸਪਤੀ ਤੋਂ ਉਪਜਿਆ) ਅਹਾਰ ਹੀ ਸਰਵਸਰੇਸ਼ਟ ਹੈ ਮਾਸਾਹਾਰੀ ਨਹੀਂ। (ਲਖਵੀਰ ਸਿੰਘ ਲੁਧਿਆਣਾ)


www.AKJ.Org

# ਪਰਤਾਪੁ ਸਦਾ ਗੁਰ ਕਾ ਘਟਿ ਘਟਿ

(ਪ੍ਰਿ: ਸੱਜਣ ਸਿੰਘ ਜੀ)

ਗੁਰੂ ਨਾਨਕ ਘਰ ਦੀ ਗੱਦੀ ਦੀ ਪਰੰਪਰਾ ਆਪਣੇ ਆਪ ਵਿਚ ਅਨੋਖੀ ਤੇ ਵਿਲੱਖਣ ਹੈ। ਇਸ ਦੀ ਉਤਪਤੀ ਤੇ ਹੋਂਦ ਦੀ ਉਚਤਾ ਸੰਸਾਰਕ ਪ੍ਰਭਾਵ ਤੋਂ ਨਿਰਲੇਪ ਹੋਣ ਕਰਕੇ ਹੈ। ਨਿਰਸੰਦੇਹ ਜਿਸ ਨਿਰਮਲ ਮਹਿਮਾ ਦੀ ਪਾਤਰ ਇਹ ਗੁਰਗੱਦੀ ਬਣੀ, ਉਸ ਦੀ ਰੀਸ ਦਾ ਅਮਲੀ ਰੂਪ ਦ੍ਰਿਸ਼ਟਾਉਣਾ ਸੌਖਾ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰੂ ਸਰਗੁਣ ਸਰੂਪ ਵਾਲੇ ਨਹੀਂ, ਬਲਕਿ ਨਿਰਗੁਣ ਸਰੂਪ ਵਾਲੇ ਖ਼ੁਦ ਨਿਰੰਕਾਰ ਸਨ। ਇਉ ਗੁਰਦੇਵ ਜੀ ਦੀ ਦ੍ਰਿਸਟੀ ਵਿੱਚ ਗੁਰਗੱਦੀ ਖ਼ਾਨਦਾਨੀ ਜਾਇਦਾਦ ਨਹੀਂ ਸੀ, ਧੁਰ ਦਰਗਾਹੋਂ ਬਖ਼ਸ਼ਸ਼ ਸੀ। ਇਸ ਕਰਕੇ ਇਸ ਨੂੰ ਸੌਂਪਣ ਵੇਲੇ ਦੁਨਿਆਵੀ ਰਿਸ਼ਤੇਦਾਰੀ ਦੇ ਅਧਿਕਾਰ ਨੂੰ ਨਹੀਂ ਵਰਤਿਆ ਗਿਆ ਤੇ ਕੇਵਲ ਇਲਾਹੀ ਕਸੌਟੀ ਤੇ ਪੂਰੇ ਉਤਰਨ ਵਾਲੇ ਸੇਵਕ ਨੂੰ ਹੀ ਗੁਰਗੱਦੀ ਦੀ ਜ਼ੁਮੇਵਾਰੀ ਦਾ ਭਾਰ ਦਿੱਤਾ ਗਿਆ।

ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੇ ਸਪੁੱਤਰਾਂ ਨੂੰ ਗੁਰਗੱਦੀ ਦੇ ਯੋਗ ਨ ਸਮਝਦਿਆ ਆਪਣੇ ਦਾਮਾਦ ਸ੍ਰੀ ਗੁਰੂ ਰਾਮਦਾਸ ਜੀ ਨੂੰ ਉਚ ਪਦਵੀ ਤੇ ਬਿਠਾ ਕੇ ਸੰਸਾਰ ਨੂੰ ਦੱਸ ਦਿੱਤਾ ਕਿ ਗੁਰਗੱਦੀ ਨਸ਼ੀਨੀ ਦੀ ਚੋਣ ਦਾ ਅਧਿਕਾਰ ਤੇ ਫੈਸਲਾ ਆਦਿ ਗੁਰੂ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਹੈ।

ਕਿੰਨਾ ਨਾਜ਼ਕ ਰਿਸ਼ਤਾ ਸੀ ਠਾਕਰ ਤੇ ਸੇਵਕ ਦਾ। ਸਾਡਾ ਸਮਾਜ ਧੀ, ਜੁਆਈ ਪ੍ਰਤੀ ਪਿਆਰ ਤਾਂ ਬਰਦਾਸ਼ਤ ਕਰ ਸਕਦਾ ਹੈ ਪਰ ਸਪੁੱਤਰਾਂ ਨੂੰ ਛੱਡ ਕੇ ਧੀ ਤੇ ਜੁਆਈ ਨੂੰ ਸਮੁੱਚੀ ਜਾਇਦਾਦ ਦੀ ਬਖਸ਼ਸ਼, ਸਮਾਜ ਨੂੰ ਬਹੁਤ ਚੁੱਭਦਾ ਹੈ। ਪਰ ਜਿਥੇ ਅਥਾਹ, ਸੁੱਚਾ, ਬੇਗਰਜ਼ ਪਿਆਰ ਹੈ, ਉਥੇ ਦੁਨਿਆਵੀ ਪਰੰਪਰਾਵਾਂ ਤੇ ਰੀਤਾਂ ਰਿਵਾਜ਼ਾ ਦੀ ਕੋਈ ਪੇਸ਼ ਨਹੀਂ ਜਾਂਦੀ। ਗੁਰੂ ਰਾਮਦਾਸ ਜੀ ਨੇ ਸੱਚੀ ਸੇਵਕੀ ਦਾ ਉਹ ਨਮੂਨਾ ਪੇਸ਼ ਕੀਤਾ ਕਿ ਸੰਗਤ ਦੰਗ ਰਹਿ ਗਈ। ਆਪ ਨੇ ਭੈ ਭਾਵਨੀ ਦੁਆਰਾ, ਅਤੀ ਪਿਆਰ ਤੇ ਸਤਿਕਾਰ ਨਾਲ, ਤਨ ਮਨ ਧਨ, ਸਭ ਅਰਪਣ ਕਰਕੇ ਅਥਾਹ ਸ਼ਰਧਾ ਭਰੀ ਨਿਸ਼ਕਾਮ ਸੇਵਾ ਕੀਤੀ ਤੇ ਗੁਰ ਚੇਲਾ ਜਾਂ ਠਾਕਰ-ਸੇਵਕ ਦੀ ਵਿੱਥ ਮਿਟਾ ਦਿੱਤੀ। ਦ੍ਵੈ ਦੀ ਭਾਵਨਾ ਮਿਟਾ ਕੇ ਆਪ ਇਕ ਰੂਪ ਹੋ ਗਏ, ਇਕ ਜੋਤਿ ਹੋ ਗਏ। ਇਸ ਪਰੀਵਰਤਣ ਨੂੰ ਗੁਰਦੇਵ ਜੀ ਆਪਣੇ ਬਚਨਾਂ ਦੁਆਰਾ ਇੰਜ ਅੰਕਿਤ ਕਰਦੇ ਹਨ:-

ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗ ਸਖੇ॥
ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ॥ (ਨਟ ਮਹਲਾ ੪ ਪੰਨਾ ੯੭੬)

ਐਸੇ ਚੰਦਨ ਰੂਪ ਸ੍ਰੀ ਗੁਰੂ ਅਮਰਦਾਸ ਜੀ ਸਨ ਜਿਨ੍ਹਾਂ ਦੇ ਕਰਾਮਾਤੀ ਸਪਰਸ਼ ਦੇ ਸਦਕੇ ਨਿੰਮ ਬਿਰਖ ਵਿਚ ਵੀ ਚੰਦਨ ਦੇ ਗੁਣ ਸਮਾਉਂਦੇ ਸਨ। ਅਜਿਹੀ ਬਖਸ਼ਸ਼ ਹੰਕਾਰੀ ਤੇ ਅਉਗੁਣਾ ਦੀਆਂ ਗੱਠਾਂ ਨਾਲ ਭਰੇ ਬਾਂਸ ਤੇ ਨਹੀਂ, ਨਿਮਰਤਾ ਤੇ ਭੋਲੇ ਭਾਉ ਵਾਲੇ ਹਿਰਦੇ ਤੇ ਹੁੰਦੀ ਹੈ। ਗੁਰੂ ਰਾਮਦਾਸ ਜੀ ਦੀ ਨਿਮਰਤਾ ਦਾ ਪ੍ਰਗਟਾਵਾ ਹੇਠ ਲਿਖੇ ਬਚਨਾਂ ਤੋਂ ਸਾਫ ਦਿਖਾਈ ਦਿੰਦਾ ਹੈ।

ਹਮ ਮੂਰਖ ਕਉ ਹਰਿ ਕਿਰਪਾ ਕਰੀ॥
ਜਨ ਨਾਨਕ ਤਾਰਿਓ ਤਾਰਣ ਹਰੀ ॥ (ਪੰਨਾ ੧੧੩੪)

ਪੂਰਨ ਕਿਰਪਾ ਪੂਰੇ ਸਤਿਗੁਰੂ ਦੁਆਰਾ ਹੀ ਹੁੰਦੀ ਹੈ। ਤੀਸਰੇ ਸਤਿਗੁਰੂ ਜੀ ਸਰਬ ਕਲਾ ਸਮਰਥ ਸਨ। ਇਕ ਪਾਸੇ ਨੌਂ ਨਿਧਿ ਨਾਮ ਦੇ ਖਜ਼ਾਨੇ ਸਨ, ਦੂਜੇ ਪਾਸੇ ਕਰਾਮਾਤੀ ਸ਼ਕਤੀਆਂ ਉਨ੍ਹਾਂ ਦੀਆਂ ਦਾਸੀਆ ਸਨ ਤੇ ਚਰਨ ਛੂਹ ਪ੍ਰਾਪਤ ਕਰਨ ਲਈ ਤਰਸਦੀਆ ਸਨ। ਭੱਟਾਂ ਦੇ ਸ਼ਬਦਾਂ ਅਨੁਸਾਰ ਐਸੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਨਾਮ ਦ੍ਰਿੜਾ ਕੇ ਪ੍ਰੇਮ ਪਦਾਰਥ ਦੇ ਅਤੁਟ ਪਰਵਾਹ ਪਰਦਾਨ ਕੀਤੇ ਸਨ।

ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ॥
ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ॥
ਨਵਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾ ਕੀ ਦਾਸੀ॥


www.AKJ.Org

ਸਰਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ॥
ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ॥
ਗੁਰ ਰਾਮਦਾਸ ਕਲ੍ਯ੍ਚਰੈ ਤੈ ਹਰਿ ਪ੍ਰੇਮ ਪਦਾਰਥੁ ਪਾਇਅਉ॥ (੧੩੯੭)

ਆਕਾਰ ਦੇ ਪੱਖੋਂ ਸਭ ਤੋਂ ਵੱਧ ਸਵੱਈਏ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਹਨ। ਇਹ ਵੀ ਭੱਟਾਂ ਦੇ ਹਿਰਦੇ ਵਿੱਚ ਅਥਾਹ ਸਿਦਕ ਤੇ ਸ਼ਰਧਾ ਦਾ ਪ੍ਰਗਟਾਵਾ ਹੈ। ਹਜ਼ੂਰ ਦੇ ਬਚਨਾਂ ਵਿੱਚ ਜਾਦੂ ਦਾ ਅਸਰ ਸੀ, ਪ੍ਰੇਮ-ਭਿੰਨੇ ਨੈਣਾਂ ਦੀ ਤੱਕਣੀ ਦਾ ਮਸਤੀ ਭਰਿਆ ਪ੍ਰਭਾਵ ਸੀ। ਆਪ ਦੇ ਉਪਦੇਸ਼ ਦੇ ਤਿੱਖੇ ਬਾਣਾਂ ਨੇ ਕਠੋਰ ਹਿਰਦਿਆਂ ਨੂੰ ਵਿੰਨ੍ਹ ਕੇ ਮੋਮ ਬਣਾਇਆ। ਉਹਨਾਂ ਦੀ ਆਪਣੀ ਕਰਨੀ ਵੀ ਕਮਾਲ ਦੀ ਸੀ ਤੇ ਰਹਤ ਉਤਸ਼ਾਹ ਭਰੀ ਸੀ। ਆਪ ਸਦੈਵ ਨਾਮ ਰੰਗ ਨਾਲ ਰੰਗੇ ਰਹਿੰਦੇ, ਸੰਤੋਖ ਸਰੋਵਰ ਵਿੱਚ ਅੰਤਰ ਗਤਿ ਇਸ਼ਨਾਨ ਕਰਦੇ ਤੇ ਪ੍ਰੇਮ ਰਸ ਦਾ ਸੁਆਦ ਚੱਖਦੇ ਰਹਿੰਦੇ। ਹਰਿ ਨਾਮ ਰਸਿਕ ਤੇ ਗੋਬਿੰਦ ਗੁਣ ਗਾਹਕ ਹੋਣ ਕਰਕੇ ਉਨ੍ਹਾਂ ਦੀ ਬਾਣੀ ਸੁਣਦਿਆਂ ਸਾਰ ਹੀ ਸ੍ਰੋਤਿਆਂ ਦੀ ਸਮਾਧੀ ਲੱਗ ਜਾਂਦੀ ਸੀ। ਇਹ ਪਰਤੱਖ ਮੁਅਜਜ਼ਾ ਸੀ, ਪਾਰਸ ਦੀ ਸਪਰਸ਼ ਕਲਾ ਦਾ।

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ॥
ਤਾਰਣ ਤਰਣ ਸਮ੍ਰਥੁ ਕਲਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ॥
ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੈ॥
ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ॥
ਜਉ ਹਰਿ ਬੁਧਿ ਰਿਧਿ ਸਿਧਿ ਚਾਹਤ ਗੁਰੂ ਗੁਰੂ ਗੁਰੁ ਕਰੁ ਮਨ ਮੇਰੇ॥ (ਪੰਨਾ ੧੩੯੯-੧੪੦੦)

ਐ ਮੇਰੇ ਮਨਾ ਜੇ ਤੈਨੂੰ ਸੁੱਛ ਰਿਧੀ, ਸਿਧੀ ਤੇ ਬੁੱਧੀ ਦੀ ਚਾਹ ਹੈ ਤਾਂ ਗੁਰੂ ਗੁਰੂ ਕਰ ਜਿਸ ਦਾ ਦਰਸਨੁ ਕ੍ਰੋੜਾਂ ਪਾਪਾਂ ਨੂੰ ਦਘਧ ਕਰਨ ਦੀ ਸਮਰੱਥਾ ਰੱਖਦਾ ਹੈ। ਜਿਹੜੇ ਪੁਰਖ ਅੰਮ੍ਰਿਤ-ਮਈ ਬਾਣੀ ਦਾ ਜਾਪ, ਚਿੱਤ ਵਿਚ ਉਤਸ਼ਾਹ ਤੇ ਚਾਉ ਰਖਦਿਆਂ ਕਰਦੇ ਹਨ, ਉਹ ਨਾ ਕੇਵਲ ਜਮ-ਲੋਕ ਤੇ ਫਤਹਿ ਪਾਉਂਦੇ ਹਨ ਆਨੰਦ-ਮੰਗਲ ਦੀ ਅਵਸਥਾ ਵਿਚ ਰਹਿ ਕੇ ਪਰਮ ਪਦ ਦੀ ਪ੍ਰਾਪਤੀ ਵੀ ਕਰਦੇ ਹਨ। ਪਰ ਇਸ ਭਵ ਸਾਗਰ ਦੀਆਂ ਲਹਿਰਾਂ ਤੋਂ ਮਾਣਸ ਦੇਹ ਦੇ ਨਿਸਤਾਰੇ ਲਈ ਗੁਰੂ ਦੇ ਬਚਨਾਂ ਤੇ ਵੀਹ ਬਿਸਵੇ ਵਿਸ਼ਵਾਸ਼ ਜ਼ਰੂਰੀ ਹੈ।

ਗੁਰ ਕੇ ਬਚਨ ਸਤਿ ਜੀਅ ਧਾਰਹੁ॥ ਮਾਣਸ ਜਨਮੁ ਦੇਹ ਨਿਸਤਾਰਹੁ॥ ( ਪੰਨਾ ੧੪੦੧)

ਭੱਟਾਂ ਦੇ ਭ੍ਰਮਣ ਦਾ ਮੰਤਵ ਕੁਝ ਪਾਉਣਾ ਸੀ, ਪਰ ਉਹ ਪਾ ਨਹੀਂ ਸਕੇ, ਪਰਖ ਦੇ ਹੀ ਰਹੇ। ਉਨ੍ਹਾਂ ਦਾ ਗਿਆਨ ਵਿਸ਼ਾਲ ਤੇ ਬਿਰਤੀ ਉਚੀ ਸੀ। ਉਨ੍ਹਾਂ ਨੂੰ ਆਪਣੇ ਤੋਂ ਵੱਧ ਗਿਆਨਵਾਨ ਤੇ ਉਚੀ ਅਵਸਥਾ ਦੇ ਮਾਲਿਕ ਦੀ ਤਲਾਸ਼ ਸੀ। ਏਸ ਦਰ ਆ ਕੇ ਭੱਟਾਂ ਦੇ ਭਟਕਦੇ ਮਨਾਂ ਵਿਚ ਟਿਕਾਉ ਤੇ ਅਡੋਲਤਾ ਆ ਗਈ। ਹੁਣ ਉਨ੍ਹਾਂ ਕੋਲ ਬੇਨਤੀ, ਜਸ, ਵਡਿਆਈ ਤੇ ਪ੍ਰਸ਼ੰਸਾ ਭਰੇ ਸ਼ਬਦ ਰਹਿ ਗਏ। "ਅਬ ਰਾਖਹੁ ਦਾਸ ਭਾਟ ਕੀ ਲਾਜ" ਕਹਿਣ ਵਾਲਾ ਉਹ ਵਿਅਕਤੀ ਹੋ ਸਕਦਾ ਹੈ ਜਿਸ ਦੀ ਹੋਰ ਦੁਆਰਾ ਤੱਕਣ ਦੀ ਝਾਕ ਖਤਮ ਹੋ ਗਈ ਹੋਵੇ। ਫਿਰ ਉਨ੍ਹਾਂ ਨੇ ਪਹਿਲੇ ਚਾਰੇ ਗੁਰੂਆਂ ਨੂੰ ਵੀ ਹਾਜ਼ਰ ਨਾਜ਼ਰ ਸਮਝ ਕੇ, ਉਨ੍ਹਾਂ ਨੂੰ ਮੁਖਾਤਬ ਕਰਕੇ, ਸੱਚੇ ਦਿਲੋਂ ਉਸਤਤਿ ਕੀਤੀ। ਅਸੀਂ ਆਪਣੇ ਆਲੇ ਦੁਆਲੇ, ਦੂਰ ਦੁਰਾਡੇ ਤੱਕਦੇ ਹਾਂ ਕਿ ਪੜ੍ਹ ਲਿਖ ਕੇ ਆਦਮੀ ਬਹੁਤ ਕੁਝ ਸਿਖ ਸਕਦਾ ਹੈ, ਤੇ ਉਸ ਦੇ ਗਿਆਨ ਵਿਚ ਵਾਧਾ ਹੋ ਸਕਦਾ ਹੈ, ਪਰ ਉਸ ਦੀ ਮੂਲ ਮਨੋਬਿਰਤੀ ਵਿਚ ਤਬਦੀਲੀ ਆਉਣੀ ਬਹੁਤ ਕਠਨ ਹੈ। ਇਸ ਪਰੀਵਰਤਣ ਦੀ ਸ਼ਕਤੀ ਅਕਾਲ ਪੁਰਖ ਦੇ ਹੱਥ ਵਿਚ ਜਾਂ ਉਸ ਦੇ ਪਿਆਰਿਆ ਪਾਸ ਹੈ। ਭੱਟਾਂ ਨੇ ਆਪਣੇ ਨੇਤਰਾਂ ਨਾਲ ਫਰਸ਼ ਤੇ ਡਿਗਿਆਂ ਨੂੰ ਅਰਸ਼ ਤੇ ਉਡਾਰੀਆਂ ਲਾਉਂਦੇ ਤੱਕਿਆਂ, ਮਾਣਸ ਨੂੰ ਦੇਵਤੇ ਦੇ ਰੂਪ ਵਿਚ, ਕੱਚ ਨੂੰ ਕੰਚਨ ਦੇ ਰੂਪ ਵਿਚ ਤੇ ਨਿੰਮ ਨੂੰ ਚੰਦਨ ਦੇ ਰੂਪ ਵਿੱਚ ਭੀ ਡਿੱਠਾ। ਉਹ ਤਾਂ ਸਤਿਗੁਰੂ ਤੋਂ ਕੁਰਬਾਨ ਜਾਂਦੇ ਸਨ, ਯੋਗ ਵਡਿਆਈ ਕਰਨ ਦੇ ਅਸਮਰਥ ਸਨ। ਉਨ੍ਹਾਂ ਦੇ ਬਚਨ ਹਨ:-

ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥


www.AKJ.Org

ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ ॥
ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ, ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦਧਰ॥
ਨਲ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸ ਜਾਸੁ ਸਿਮਰਤ ਮਾਨਤਰ॥
ਜਾ ਕੇ ਦੇਖਤ ਦੁਆਰੇ ਕਾਮਕ੍ਰੋਧ ਹੀ ਨਿਵਾਰੇ ਜੀ ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥
ਏਨੀ ਜ਼ਾਹਰੀ ਕਲਾ ਸੀ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸਨ ਦੀਦਾਰ ਦੀ। (ਪੰਨਾ ੧੩੯੮-੯੯)

ਰਾਮਦਾਸ ਸਰੋਵਰ ਦੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਵਡਿਆਈ, ਉਸ ਦੇ ਵਿਚਕਾਰ ਸਚਖੰਡ ਅਸਥਾਨ ਵਿਚ ਗੁਰਬਾਣੀ ਦੇ ਨਿਰੰਤਰ ਪਰਵਾਹ ਦੀ ਮਹਿਮਾ, ਹਜ਼ੂਰ ਦੇ ਨਾਮ-ਰੰਗੇ, ਭਖਦੇ ਨੂਰਾਨੀ ਚਿਹਰੇ ਦੀ ਤਾਬ ਤੇ ਅੰਮ੍ਰਿਤਮਈ ਮਖਸੂਰੀ ਨੇਤਰਾਂ ਦੀ ਇਲਾਹੀ ਨਜ਼ਰ ਦਾ ਪਰਤਾਪ, ਆਦਿ ਸਾਰੇ ਜਗਤ ਵਿਚ ਫੈਲਿਆ ਹੋਇਆ ਤੇ ਘਟ ਘਟ ਵਿਚ ਸਮਾਇਆ ਹੋਇਆ ਸੀ। ਸਤਿਗੁਰੂ ਦੇ ਪਿਆਰੇ ਗੁਰਸਿੱਖ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਬਾਣੀ ਪੜ੍ਹਦੇ ਸੁਣਦੇ ਗਾਉਂਦੇ ਤੇ ਵਿਧਿਸਹਿਤ ਪੂਜਾ ਕਰਦੇ ਸਨ। ਇਉਂ ਜਿਹੜੇ ਸਿੱਖ ਜੋਤਿ ਸਰੂਪ ਸਤਿਗੁਰੂ ਨੂੰ ਅੰਗ ਸੰਗ ਸਮਝਦੇ, ਉਨ੍ਹਾਂ ਦਾ ਧਿਆਨ ਧਰਦੇ ਤੇ ਨਾਮ ਜਪਦੇ ਤਾਂ ਉਨ੍ਹਾ ਦੀ ਕਾਇਆ ਮਾਨੋ ਸਹਜੇ ਹੀ ਕੰਚਨ ਵਾਂਗਰ ਸ਼ੁੱਧ, ਨਿਰਮਲ ਤੇ ਚਮਕ ਦਮਕ ਵਾਲੀ ਬਣਦੀ ਸੀ।

ਪਰਤਾਪ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ॥
ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸਨਾਨੁ॥
ਇਸਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥
ਕੰਚਨ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧਾਨ ਧਰੰ॥
ਜਗ ਜੀਵਨੁ ਜਗੰਨਾਥੁ ਜਲਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ॥
ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥ (ਪੰਨਾ ੧੪੦੨)

ਭੱਟਾਂ ਨੇ ਅੱਤ ਮਸਕੀਨੀ ਤੇ ਪ੍ਰੇਮ ਭਾਵਨਾ ਨਾਲ ਸਤਿਗੁਰੂ ਦੀ ਉਚ-ਪਦਵੀ ਦੀ ਸਲਾਹੁਣਾ ਕੀਤੀ ਹੈ। ਐਸੇ ਅਲੱਖ ਗਤਿ ਮਿਤਿ ਵਾਲੇ ਸਤਿਗੁਰੂ ਦੀ ਸੇਵਾ ਕਰਨ ਦਾ ਮਾਣ ਗੁਰਸਿਖਾਂ ਨੂੰ ਪ੍ਰਾਪਤ ਹੈ। ਹਜ਼ੂਰ ਨੂੰ ਗੁਰਸਿੱਖ ਤੇ ਮਾਣ ਸੀ, ਉਨ੍ਹਾਂ ਨੇ ਆਪ ਨਿਸ਼ਕਾਮ ਸੇਵਾ ਕਰਕੇ ਗੁਰਸਿੱਖੀ ਦਾ ਨਮੂਨਾ ਪੇਸ਼ ਕੀਤਾ ਸੀ। ਇਸ ਕਰਕੇ ਸਾਨੂੰ ਇਸ ਦੀ ਪਰੀਭਾਸ਼ਾ ਜਾਂ ਲੱਛਣ, ਨਿੱਤ ਦੀ ਕਰਣੀ, ਅਮਲੀ ਜੀਵਨ ਜਾਂ ਰਹਿਣੀ ਬਹਿਣੀ ਤੋਂ ਜਾਣੂ ਕਰਾਇਆ ਹੈ ਤੇ ਪ੍ਰੇਰਨਾ ਦਿੱਤੀ ਹੈ ਤਾ ਕਿ ਅਸੀਂ ਇਸ ਕਸੌਟੀ ਤੇ ਪੂਰਾ ਉਤਰਨ ਦਾ ਜਤਨ ਕਰੀਏ।

ਮ:੪ (ਗਉੜੀ ਕੀ ਵਾਰ)-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰ ਚੜੈ ਦਿਵਸ ਗੁਰਬਾਣੀ ਗਾਵੈ ਬਹਦਿਆ ਉਠਦਿਆਂ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਪੰਨਾ ੩੦੫-੩੦੬)

ਇਕ ਆਦਰਸ਼ਕ ਗੁਰਸਿਖ ਦੀ ਘਾੜਤ ਲਈ ਇਹ ਗੁਰਵਾਕ ਨਿਰਮੋਲਕ ਤੁਹਫਾ ਹੈ। ਇਹ ਗੁਰਫੁਰਮਾਨ, ਹੁਕਮਨਾਮਾ ਭੀ ਹੈ, ਰਹਿਤਨਾਮਾ ਭੀ। ਇਸ ਵਿਚੋਂ ਉਦੱਮ-ਵਿਸ਼ੇਸ਼ ਤੌਰ ਤੇ ਅੰਮ੍ਰਿਤ ਵੇਲੇ ਉਠੱਣ ਦਾ-ਨਾਮ ਸਿਮਰਨ, ਗੁਰਬਾਣੀ ਦੇ ਪਾਠ ਕਰਨ, ਗੁਰਉਪਦੇਸ਼ ਦੀ ਪਾਲਣਾ ਤੇ ਗੁਰਸਿਖ ਦੇ ਕਰਤਵ ਦੀ


www.AKJ.Org

ਤਸਵੀਰ ਤੱਕੀ ਜਾ ਸਕਦੀ ਹੈ। ਇਸ ਦੇ ਇਲਾਵਾ ਇਹ ਮਹਾਨ ਸਾਗਰ ਸਰੀਰਕ ਇਸ਼ਨਾਨ ਤੇ ਅੰਤਰਗਤ ਆਤਮ ਇਸ਼ਨਾਨ ਦੀ ਮਹਿਮਾ, ਗੁਰਬਾਣੀ ਤੇ ਨਾਮ ਜੱਪਣ ਦੀ ਭਿੰਨਤਾ ਅਤੇ ਸਾਸ ਗਿਰਾਸ ਧਿਆਉਣ ਦੇ ਗੁਰਮਤਿ ਮੋਤੀਆਂ ਨਾਲ ਭਰਪੂਰ ਹੈ। ਅੰਤ ਵਿੱਚ ਗੁਰਸਿਖ ਦੀ ਵਿਲੱਖਣ ਕਰਨੀ-ਨਾਮ ਜਪਣ ਤੇ ਨਾਮ ਜਪਾਉਣ, ਅਕਾਲ ਪੁਰਖ ਨਾਲ ਜੁੜਨ ਤੇ ਹੋਰਨਾਂ ਨੂੰ ਜੋੜਨ ਦਾ ਪਰਉਪਕਾਰੀ ਕਾਰਜ ਤੇ ਸਤਿਗੁਰੂ ਦੀ ਅਥਾਹ ਪ੍ਰਸੰਨਤਾ ਦਾ ਜ਼ਿਕਰ ਹੈ।

ਕੈਸਾ ਨਿਰਾਲਾ ਸੰਬੰਧ ਹੈ- ਨਾਮ ਜਪਣ, ਜਪਾਉਣ ਵਾਲੇ ਤੇ ਪ੍ਰਸੰਨਤਾ ਤੇ ਪ੍ਰਸੰਨਤਾ ਨਾਲ ਨਾਮ ਰਿਦੈ ਵਸਾਉਣਾ। ਇਸ ਅੰਤਰ-ਸੰਬੰਧੀ ਫੁਰਮਾਨ ਤੋਂ ਵਾਹਿਗੁਰੂ ਦੇ ਅਗੰਮੀ ਨਾਮ ਦੀ ਮਹਿਮਾ ਦਾ ਪਤਾ ਚੱਲਦਾ ਹੈ। ਭੱਟਾਂ ਨੇ ਸਤਿਗੁਰੂ ਦੀ ਪ੍ਰਸੰਨਤਾ ਤੋਂ ਉਤਪੰਨ ਹੋਈ ਬਖਸ਼ਸ਼ ਦਾ ਸਾਰ ਦਿੱਤਾ ਹੈ।

ਗੁਰੁ ਜਿਨ ਕਉ ਸੁਪ੍ਰਸੰਨ ਨਾਮ ਹਰਿ ਰਿਦੈ ਨਿਵਾਸੈ॥
ਜਿਨ ਕਉ ਗੁਰੁ ਸੁਪ੍ਰਸੰਨ ਦੁਰਤੁ ਦੂਰੰਤਰਿ ਨਾਸੈ... (ਪੰਨਾ ੧੩੯੮)

ਗੁਰੂ ਸਿਖ ਦਾ ਕਰਤੱਵ ਹੈ। ਸਤਿਗੁਰੂ ਨੂੰ ਰਿਝਾਉਣ ਦਾ, ਚੰਗੇ ਕਰਮ ਕਰਕੇ ਨਾਮ ਜਪਕੇ ਸੇਵਾ ਕਰਕੇ। ਜੇ ਸਤਿਗੁਰੂ ਦੀ ਪ੍ਰਸੰਨਤਾ ਨਹੀਂ ਤਾਂ ਸਮਝੇ ਕਿ ਸਾਡੀ ਕਰਨੀ ਵਿੱਚ ਕਿਤੇ ਉਕਾਈ ਹੈ। ਸਭ ਤੋਂ ਉਤਮ ਜੁਗਤੀ ਸਤਿਗੁਰੂ ਦੀ ਆਗਿਆ ਨੂੰ ਸਤਿ ਸਤਿ ਕਰਕੇ ਮੰਨਣ ਦੀ। ਹੁਕਮ ਮੰਨਣ ਨਾਲ ਹੀ ਸਾਡਾ ਗਾਵਿਆ ਸੁਣਿਆ ਥਾਇ ਪੈਂਦਾ ਹੈ, ਪਰਵਾਨ ਹੁੰਦਾ ਹੈ ਤੇ ਸਫਲ ਹੁੰਦਾ ਹੈ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥ (ਪੰਨਾ ੬੬੯)

ਸਾਨੂੰ ਸੰਸਾਰਕ ਜੀਵਾਂ ਨੂੰ ਹੁਕਮ ਮੰਨਣਾ ਨਹੀਂ ਆਉਂਦਾ। ਅਸੀਂ ਕਿਸੇ ਨ ਕਿਸੇ ਸ਼ਕਲ ਵਿਚ ਆਪਣੀ ਮਜਬੂਰੀ ਜਾਂ ਬੇਬਸੀ ਦਾ ਪ੍ਰਗਟਾਵਾ ਕਰ ਹੀ ਦਿੰਦੇ ਹਾਂ। ਇਹ ਸਾਡੇ ਮਨ ਦੀ ਸਹੀ ਭਾਵਨਾ ਹੁੰਦੀ ਹੈ। ਜਿਹੜਾ ਹੁਕਮ ਨੂੰ ਖਿੜੇ ਮੱਥੇ ਪਰਵਾਨ ਕਰਦਾ ਹੈ, ਉਸ ਦੀ ਰਸਨਾ ਤੇ ਸ਼ਿਕਾਇਤ ਜਾ ਗਿਲੇ ਦੇ ਸ਼ਬਦ ਨਹੀਂ ਆਉਂਦੇ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਥੜਾ ਬਣਾਉਣ ਦਾ ਹੁਕਮ ਦਿੱਤਾ ਸੀ। ਜੇਠਾ ਜੀ ਨੇ ਬਹੁਤ ਮਿਹਨਤ ਤੇ ਲਗਨ ਨਾਲ ਥੜ੍ਹਾ ਤਿਆਰ ਕੀਤਾ ਪਰ ਸਤਿਗੁਰੂ ਜੀ ਨੇ ਇਸ ਨੂੰ ਨਾਪਸੰਦ ਕੀਤਾ ਤੇ ਦੁਬਾਰਾ ਬਣਾਉਣ ਦਾ ਹੁਕਮ ਦਿੱਤਾ। ਭਾਈ ਜੇਠਾ ਜੀ ਨੇ ਆਪਣੀ ਭੁੱਲ ਸਵੀਕਾਰ ਕੀਤੀ ਤੇ ਦੁਬਾਰਾ ਬਣਾਇਆ। ਸਤਿਗੁਰੂ ਜੀ ਨੇ ਇਹ ਵੀ ਪਸੰਦ ਨਹੀਂ ਕੀਤਾ। ਭਾਈ ਜੇਠਾ ਜੀ ਬੜੇ ਚਾਅ ਨਾਲ ਥੜਾ ਬਣਾਉਂਦੇ ਰਹੇ ਤੇ ਸਤਿਗੁਰੂ ਜੀ ਉਣਤਾਈ ਦਸੱਦੇ ਰਹੇ। ਇਹ ਪਰਚਾ ਸੀ, ਹੋ ਸਕਦਾ ਹੈ ਹੋਰ ਵੀ ਪਰਚੇ ਪਏ ਹੋਣ। ਗੁਰ ਇਤਿਹਾਸ ਸਾਹਮਣੇ ਹੈ, ਸਿੱਟਾ ਇਹੋ ਨਿਕਲਿਆ ਕਿ ਨਿਹਕਾਮੀ ਸੇਵਕ ਪਾਸ ਹੋ ਕੇ ਠਾਕਰ ਨਾਲ ਅਭੇਦ ਹੋ ਗਿਆ।

ਭਾਈ ਜੇਠਾ ਦੀ ਸੇਵਾ ਉੱਤਮ ਕਰਮ ਸੀ, ਜਿਹੜਾ ਸਭ ਨੇ ਤੱਕਿਆ ਪਰ ਇਸ ਦੀ ਤਹਿ ਵਿਚ ਅਦ੍ਰਿਸਟ ਭਾਵਨਾ ਨੂੰ ਸਮਝਣਾ ਅਤੀ ਕਠਨ ਸੀ। ਹਜ਼ੂਰ ਨੇ ਸੰਬੰਧੀਆਂ ਦੇ ਮੇਹਣਿਆਂ ਤੇ ਸ਼ਰੀਕਾ ਦੇ ਕਟਾਖਸ਼ ਭਰੇ ਤਾਨ੍ਹਿਆਂ ਦੀ ਕੋਈ ਪਰਵਾਹ ਨਹੀਂ ਕੀਤੀ। ਉਨ੍ਹਾਂ ਦੁਆਰਾ ਕੀਤੀ ਨਿੰਦਿਆ ਵੀ ਆਪ ਦੇ ਪਿਆਰ ਤੇ ਸਿਦਕ ਵਿਚ ਰੁਕਾਵਟ ਨਹੀਂ ਪਾ ਸਕੀ। ਆਪ ਨੇ ਸਤਿਗੁਰੂ ਨੂੰ ਨਾ ਕੇਵਲ ਮਨ ਅਰਪਿਆ ਸੀ, ਮਨ ਦੀ ਮਤਿ ਭੀ ਤਿਆਗੀ ਸੀ। ਕਹਿਣਾ ਮਾਤਰ ਤਾਂ ਇਹ ਗੱਲ ਬਹੁਤ ਸੌਖੀ ਲੱਗਦੀ ਹੈ ਪਰ ਇਸ ਨੂੰ ਅਮਲੀ ਰੂਪ ਦੇਣਾ ਆਸਾਨ ਨਹੀਂ। ਸਤਿਗੁਰੂ ਦੇ ਬਚਨ ਹਨ :-

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥
ਅਨਦਿਨੁ ਹਰਿ ਹਰਿ ਨਾਮ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥ (ਪੰਨਾ ੮੦੦)

ਮਨ ਕੀ ਮਤਿ ਤਿਆਗਣ ਦਾ ਭਾਵ ਸਿਰ ਵੇਚਣਾ ਭੀ ਹੈ ਕਿਉਂਕਿ ਸਾਰੇ ਵਿਚਾਰ ਸਾਰੀਆਂ ਸੋਚਾਂ, ਅਕਲਾਂ, ਸਿਆਣਪਾਂ ਦਿਮਾਗ ਤੋਂ ਹੀ ਨਿਕਲਦੀਆਂ ਹਨ। ਜੀਵ ਜੋ ਕੁਝ ਭੀ ਕਰਦਾ ਹੈ, ਬੋਲਦਾ ਹੈ, ਸੋਚਦਾ


www.AKJ.Org

ਹੈ, ਉਸ ਦੀ ਉਤਪਤੀ ਦਾ ਮੁੱਢ ਤਿਆਗ ਹੈ। ਸਿਰ ਵੇਚਣ ਵਾਲੇ ਕੋਲ ਕੁੱਝ ਨਹੀਂ ਰਹਿੰਦਾ। ਉਸ ਨੂੰ ਸਤਿਗੁਰੂ ਦੀ ਇੱਛਿਆ ਬਿਨਾਂ, ਚੰਗਾ, ਮਾੜਾ, ਸੋਚਣ ਚਿਤਵਣ, ਕੁਝ ਬੋਲਣ ਜਾ ਕਰਨ ਦਾ ਕੋਈ ਹੱਕ ਜਾਂ ਅਧਿਕਾਰ ਨਹੀਂ ਹੁੰਦਾ। ਭਾਈ ਜੇਠਾ ਜੀ ਸਿਰ ਵੇਚ ਕੇ ਇਸ ਉੱਚੀ ਅਵਸਥਾ ਤੱਕ ਪਹੁੰਚੇ ਹੋਏ ਸਨ। ਆਪ ਜੀ ਫੁਰਮਾਉਂਦੇ ਹਨ :-

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ॥ (ਪੰਨਾ ੭੩੧)

ਗੁਰਦੇਵ ਜੀ ਨੇ ਇਕ ਹੋਰ ਵਿਸ਼ੇਸ਼ ਵਿਧੀ ਤੇ ਚਾਨਣਾ ਪਾਇਆ ਹੈ। ਇਕੋ ਮਹਾਂਵਾਕ ਵਿੱਚ ਧਿਆਨ ਤੇ ਪਰਤੀਤਿ ਦੇ ਅਨਿਖੜਵੇਂ ਅੰਗ ਦੀ ਮਹਿਮਾ ਦਰਸਾਈ ਗਈ ਹੈ। ਵਿਸ਼ਵਾਸ਼ ਬਿਨਾਂ ਧਿਆਨ ਦੀ ਕਿਰਿਆ ਬੇਰਸ ਹੋ ਕੇ ਰਹਿ ਜਾਂਦੀ ਹੈ। ਇਹੋ ਕਾਰਨ ਹੈ ਕਿ ਨਾਸਤਕ ਜੀਵਾਂ ਉੱਤੇ, ਜਿਨ੍ਹਾਂ ਨੂੰ ਅਕਾਲਪੁਰਖ ਦੀ ਹੋਂਦ ਤੇ ਵੀ ਵਿਸ਼ਵਾਸ਼ ਨਹੀਂ, ਧਿਆਨ ਦੀ ਮਹਾਨਤਾ ਦਾ ਕੋਈ ਅਸਰ ਨਹੀਂ ਹੁੰਦਾ। ਵਿਸ਼ਵਾਸ਼ ਇਕ ਤਾਰ ਨਿਆਈਂ ਹੈ, ਜਿਸ ਦੁਆਰਾ ਪ੍ਰਭੂ ਦੀ ਯਾਦ ਤੇ ਸਿਮਰਨ ਪਰੱਪਕ ਰਹਿੰਦਾ ਹੈ। ਧਿਆਨ ਸੰਬੰਧੀ ਹਜ਼ੂਰ ਦੇ ਬਚਨ ਹਨ।

ਗੋਬਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲ ਧਿਆਨੁ॥ (ਪੰਨਾ ੭੩੪)
ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ॥(ਪੰਨਾ ੭੩੪)

ਨਾਮ ਸਿਮਰਨ ਵਿੱਚ ਇਸ਼ਟ ਪ੍ਰਤੀ ਭਾਵਨਾ ਦਾ ਵਿਸ਼ੇਸ਼ ਅਰਥ ਹੈ ਵਿਸ਼ੇਸ਼ ਪ੍ਰਭਾਵ ਹੈ। ਇਸ਼ਟ ਬਿਨਾਂ ਜਾਂ ਇਸ਼ਟ ਪ੍ਰਤੀ ਭਾਵਨਾ ਬਿਨਾ ਸਮਾਧੀਆਂ ਲਾਉਣ ਵਾਲੇ ਦੇ ਪੱਲੇ ਠੋਕਰਾਂ ਹੀ ਪੈਂਦੀਆਂ ਹਨ। ਅਜਿਹੇ ਸਾਧਕ ਜਿਨ੍ਹਾਂ ਉਤੇ ਨਾਮ-ਰਸਿਕ ਸਤਿਗੁਰੂ ਦਾ ਹੱਥ ਨਹੀਂ, ਉਪੱਰ ਉਠਣ ਦੇ ਥਾਂ ਕਰਾਮਾਤਾਂ ਤੇ ਸ਼ਕਤੀਆਂ ਦੇ ਚੱਕਰ ਵਿਚ ਹੀ ਡਗਮਗਾਉਂਦੇ ਰਹਿੰਦੇ ਹਨ। ਗੁਰਦੇਵ ਜੀ ਸਿੱਖ ਉਤੇ ਕੋਈ ਪਾਬੰਦੀ ਨਹੀਂ ਲਾਉਂਦੇ, ਉਹ ਕਿਸੇ ਵੀ ਜਾਤੀ ਤੇ ਵਰਨ ਦਾ ਹੋਵੇ, ਉਹ ਗੁਰਮੰਤਰ ਪ੍ਰਾਪਤ ਕਰਕੇ ਨਾਮ-ਜਪ ਸਕਦਾ ਹੈ। ਪਰ ਉਸ ਲਈ ਇਕ ਹੁਕਮ ਹੈ ਕਿ ਉਹ ਸਤਿਗੁਰੂ ਨੂੰ ਅਕਾਲ ਪੁਰਖ ਤੁੱਲ ਸਮਝ ਕੇ ਪੂਜਾ ਕਰੇ। ਨਿਰਸੰਦੇਹ ਘਾਲ ਕਮਾਈ ਬਿਰਥੀ ਨਹੀਂ ਜਾਂਦੀ ਪਰ ਫਲ ਭਾਵਨਾ ਅਨੁਸਾਰ ਪ੍ਰਾਪਤ ਹੁੰਦਾ ਹੈ।

ਬਿਲਾਵਲ ਮਹਲਾ ੪॥
ਖਤ੍ਰੀ ਬ੍ਰਾਹਮਣ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ॥
ਗੁਰ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ॥ (ਪੰਨਾ ੮੦੦)

ਭੱਟ ਸਾਰੀ ਵਡਿਆਈ ਦਾ ਮਾਣ ਸ੍ਰੀ ਗੁਰੂ ਅਮਰਦਾਸ ਜੀ ਨੂੰ ਦਿੰਦੇ ਹਨ ਜਿਨ੍ਹਾਂ ਨੇ ਸੇਵਕ ਨੂੰ ਗੁਰਮਤਿ ਨਾਮ ਦ੍ਰਿੜਾ ਕੇ ਆਪਣੇ ਤੁੱਲ ਬਣਾਇਆ।

ਧਨਿ ਧਨਿ ਸਤਿਗੁਰ ਅਮਰਦਾਸ ਜਿਨਿ ਨਾਮੁ ਦ੍ਰਿੜਾਯਉ॥(ਪੰਨਾ ੧੩੯੭)
ਅਤੇ ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰਉ॥ (ਪੰਨਾ ੧੪੦੦)
ਏਥੇ ਹੀ ਬੱਸ ਨਹੀਂ,ਸੇਵਾ ਤੇ ਬਖਸ਼ਸ਼ ਦਾ ਸਾਰ ਭੱਟ ਇਨ੍ਹਾਂ ਸ਼ਬਦਾਂ ਵਿਚ ਬਿਆਨ ਕਰਦੇ ਹਨ।

ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥੪॥ (ਪੰਨਾ ੧੩੯੯)

ਲੱਗ ਭੱਗ ਸੱਤ ਸਾਲ ਗੁਰਿਆਈ ਦਾ ਸਮਾਂ ਰਿਹਾ ਸੀ। ਇਸ ਕਾਲ ਵਿੱਚ ਹਜ਼ੂਰ ਦੀ ਦੈਵੀ ਸਖਸ਼ੀਅਤ ਦਾ ਪ੍ਰਭਾਵ ਚੰਦਨ ਦੀ ਸੁਗੰਧੀ ਵਾਂਗਰ ਦੂਰ ਤਕ ਫੈਲ ਗਿਆ। ਨਾਮ ਰੱਤੇ ਨੇਤਰਾਂ ਵਿਚੋਂ ਇਲਾਹੀ ਨੂਰ ਵਰ੍ਹਦਾ ਸੀ। ਮਿਹਰ ਭਰੀ ਇੱਕ ਤੱਕਣੀ ਲੋਹੇ ਨੂੰ ਲਾਲ ਵਿਚ ਬਦਲ ਦਿੰਦੀ ਸੀ।

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥ (ਪੰਨਾ ੧੩੯੯)

ਪ੍ਰੇਮ ਰੰਗਣ ਵਿਚ ਰੰਗੀ ਆਤਮਾ ਨੇ ਚਿਹਰੇ ਤੇ ਨੁਹਾਰ ਵਿਚ ਅਨੋਖੀ ਆਭਾ ਤੇ ਚਮਕ ਦਮਕ ਭਰੀ ਸੀ। ਹਜ਼ੂਰ ਦਾ ਲੰਮਾ ਦਾਹੜਾ ਸਖਸ਼ੀਅਤ ਵਿਚ ਹੋਰ ਵਾਧਾ ਕਰਦਾ ਸੀ। ਇਸ ਤੋਂ ਬਾਬਾ ਸ੍ਰੀ ਚੰਦ ਬਹੁਤ ਪ੍ਰਸੰਨ ਹੋਏ ਸਨ।

(ਬਾਕੀ ਪੰਨਾ ੩੨ ਤੇ ..)


www.AKJ.Org

# ਧੰਨੁ ਧੰਨੁ ਰਾਮਦਾਸ ਗੁਰੁ.....

(ਮਹਿੰਦਰ ਸਿੰਘ ਚਚਰਾੜੀ)

ਪੰਦਰ੍ਹਵੀਂ ਸਦੀ 'ਚ ਭਾਰਤ ਦੇ ਉਤੱਰੀ ਖਿਤੇ ਤੋਂ ਸ਼ੁਰੂ ਹੋਈ ਇਨਕਲਾਬੀ ਸਿੱਖ ਲਹਿਰ ਦੇ ਚੌਥੇ ਮੋਢੀ ਗੁਰੂ ਰਾਮਦਾਸ ਜੀ ਸੇਵਾ,ਨਿਮਰਤਾ, ਹਲੀਮੀ, ਪਰਉਪਕਾਰ ਅਤੇ ਆਗਿਆਕਾਰਤਾ ਦੇ ਪੁੰਜ ਸਨ। ਗੁਰੂ ਰਾਮਦਾਸ ਜੀ ਨੇ ਸਾਰੀ ਉਮਰ (ਪਹਿਲਾਂ ਭਾਈ ਜੇਠਾ ਜੀ ਦੇ ਰੂਪ ਵਿਚ) ਇਨ੍ਹਾਂ ਗੁਣਾਂ ਨੂੰ ਰੂਪਮਾਨ ਕੀਤਾ। ਗੁਰੂ ਰਾਮਦਾਸ ਜੀ ਨੇ ਸਮਾਜੀ ਇਨਕਲਾਬ ਲਈ ਵੀ ਮਹਾਨ ਕਾਰਜ ਕੀਤੇ ਅਤੇ ਆਪਣਾ ਆਪਾ ਸਿੱਖ ਲਹਿਰ ਦੀ ਚੜ੍ਹਤ ਨੂੰ ਸਮਰਪਿਤ ਕਰ ਦਿਤਾ। ਉਨ੍ਹਾਂ ਦਾ ਸਮੁੱਚਾ ਜੀਵਨ, ਇਕ ਕਰਾਮਾਤੀ ਜੀਵਨ ਹੋ ਨਿਬੜਿਆ ਸੀ।

ਗੁਰੂ ਰਾਮਦਾਸ ਜੀ ਸੱਤ ਸਾਲ ਦੀ ਬਾਲ ਉਮਰ ਵਿਚ ਗੁਰੂ ਅਮਰਦਾਸ ਜੀ ਦੇ ਸੰਪਰਕ ਵਿਚ ਆਏ। ਪਹਿਲੇ ਨਾਂ ਭਾਈ ਜੇਠਾ ਜੀ ਦੇ ਰੂਪ ਵਿਚ ਉਨ੍ਹਾਂ ਗੁਰੂ ਅਮਰਦਾਸ ਜੀ ਤੋਂ ਨਿੱਘਾ ਪਿਆਰ ਅਤੇ ਹਮਦਰਦੀ, ਆਗਿਆਕਾਰਤਾ ਪਾਲ ਕੇ ਪ੍ਰਾਪਤ ਕੀਤੀ। ਤਕਰੀਬਨ 7 ਸਾਲ ਦੀ ਗੁਰਗੱਦੀ ਦੌਰਾਨ ਆਪ ਨੇ ਅਜਿਹੇ ਪਰਉਪਕਾਰੀ ਕਾਰਜ ਕੀਤੇ ਕਿ ਗੁਰੂ ਰਾਮਦਾਸ ਜੀ ਦਾ ਜੀਵਨ ਮਹਾਨ ਇਨਕਲਾਬੀ ਮੋਢੀ ਵਜੋਂ ਸਥਾਪਤ ਹੋ ਗਿਆ।

ਗੁਰਗੱਦੀ ਪ੍ਰਾਪਤੀ ਤੋਂ ਪਹਿਲਾਂ ਹੁਕਮ ਮੰਨਣ ਦੀ ਪਰਖ ਸਮੇਂ ਬਾਰ-ਬਾਰ ਥੜ੍ਹੇ ਉਸਾਰਨ ਤੋਂ ਭੋਰਾ ਗੁੱਸਾ ਨਾ ਕਰਨ ਅਤੇ ਸਗੋਂ ਨਿਮਰਤਾ, ਦਇਆ, ਉਦਾਰਤਾ ਅਤੇ ਆਗਿਆਪਾਲਨ ਬਰਕਰਾਰ ਰੱਖਣ 'ਤੇ ਉਨ੍ਹਾਂ ਨੂੰ ਇਹ ਅਹੁਦਾ ਪ੍ਰਾਪਤ ਹੋਇਆ ਸੀ। ਗੁਰੂ ਰਾਮਦਾਸ ਜੀ ਦੇ ਨਿਤਕਰਮ, ਜੋ ਕਿ 'ਮਹਿਮਾ ਪ੍ਰਕਾਸ਼' ਅਤੇ 'ਸੂਰਜ ਪ੍ਰਕਾਸ਼' ਵਿਚ ਮਿਲਦਾ ਹੈ, ਅਨੁਸਾਰ ਆਪ ਅੰਮ੍ਰਿਤ ਵੇਲੇ ਹੁਣ ਦੇ ਹਰਿਮੰਦਰ ਸਾਹਿਬ ਵਾਲੀ ਜਗ੍ਹਾ 'ਤੇ ਆ ਜਾਂਦੇ ਅਤੇ ਦੀਵਾਨ ਸਜਾ ਕੇ ਕੀਰਤਨ ਕਰਦੇ। ਕੀਰਤਨ ਤੇ ਨਿਤਨੇਮ ਸਮਾਪਤੀ ਉਪਰੰਤ ਸੰਗਤਾਂ ਨਾਲ ਬੈਠ ਕੇ ਲੰਗਰ ਛਕਦੇ। ਫੇਰ ਥੋੜ੍ਹੀ ਦੇਰ ਅਰਾਮ ਕਰਕੇ ਹਰਿਮੰਦਰ ਸਾਹਿਬ ਦੇ ਉਸਾਰੀ ਕਾਰਜਾਂ ਦੀ ਨਿਗਰਾਨੀ ਕਰਦੇ। ਦੁਪਹਿਰ ਮਗਰੋਂ ਸ਼ਾਮ ਨੂੰ ਫਿਰ ਦੀਵਾਨ ਸਜਦਾ ਅਤੇ ਆਪ ਜੀ ਗੁਰਬਾਣੀ ਦੀ ਕਥਾ-ਵਿਆਖਿਆ ਕਰਦੇ। ਉਪਰੰਤ ਥੋੜ੍ਹੀ ਸੈਰ ਕਰਦੇ ਅਤੇ ਨਾਲ ਹੀ "ਸੋ ਦਰ" ਦੀ ਚੌਂਕੀ ਲਗਾ ਕੇ ਕੀਰਤਨ ਅਰੰਭ ਕਰ ਦਿੰਦੇ। ਸੋ ਦਰੁ ਦੀ ਚੌਂਕੀ ਸਮਾਪਤ ਕਰਨ ਉਪਰੰਤ ਸੰਗਤਾਂ ਵਿਸ਼ਰਾਮ ਲਈ ਆਪੋ ਆਪਣੇ ਟਿਕਾਣਿਆਂ ਤੇ ਪਹੁੰਚ ਜਾਂਦੀਆਂ ਅਤੇ ਗੁਰੂ ਰਾਮਦਾਸ ਜੀ ਸਾਰਿਆਂ ਨੂੰ ਟਿਕਾਣਾਂ ਮਿਲਣ ਦੀ ਤਸੱਲੀ ਕਰ 'ਗੁਰ ਕੇ ਮਹਿਲ' ਰਾਤ ਵਿਸ਼ਰਾਮ ਕਰਨ ਲਈ ਚਲੇ ਜਾਂਦੇ।

ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਸ਼ਹਿਰ ਦੀ ਯੋਜਨਾਬੱਧ ਉਸਾਰੀ ਲਈ ਮਹਾਨ ਕਾਰਜ ਕੀਤੇ। ਆਪ ਨੇ 52 ਕਿੱਤਿਆਂ ਵਾਲੇ ਲੋਕਾਂ ਨੂੰ ਅੰਮ੍ਰਿਤਸਰ ਲਿਆ ਕੇ ਵਸਾਇਆ ਅਤੇ ਵਪਾਰ, ਕਿੱਤਾਕਾਰੀ, ਦਸਤਕਾਰੀ ਆਦਿ ਦੀ ਪ੍ਰਫੁਲਤਾ ਲਈ ਅੰਮ੍ਰਿਤਸਰ ਨੂੰ ਵਪਾਰਕ ਕੇਂਦਰ ਬਣਾ ਦਿਤਾ। ਨਿਰਾ ਵਪਾਰਕ ਕੇਂਦਰ ਹੀ ਨਹੀਂ ਸਗੋਂ ਸਭਿਆਚਾਰਕ, ਧਾਰਮਿਕ, ਅਧਿਆਤਮਕ ਅਤੇ ਵਿਦਿਅਕ ਕੇਂਦਰ ਵੀ ਬਣਾ ਦਿਤਾ। ਗੁਰੂ ਜੀ ਨੇ ਗੁਰੂ ਅਮਰਦਾਸ ਜੀ ਵਲੋਂ ਖੋਲ੍ਹੀਆਂ 22 ਮੰਜੀਆਂ ਅਤੇ 52 ਪੀਹੜਿਆਂ ਦੀ ਰਵਾਨਗੀ ਲਈ ਮਸੰਦ ਨਿਯੁਕਤ ਕਰਕੇ ਸਰਗਰਮ ਕੀਤੇ (ਬੇਸ਼ੱਕ ਬਾਅਦ 'ਚ ਮਸੰਦਾਂ ਦਾ ਕਿਰਦਾਰ ਡਿਗਣ ਕਰਕੇ ਦਸਵੇਂ ਜਾਮੇ 'ਚ ਇਨ੍ਹਾ ਦੀ ਨਿਯੁਕਤੀ ਰੱਦ ਕਰਕੇ ਸਜ਼ਾਵਾਂ ਦਿਤੀਆਂ ਗਈਆਂ ਸੀ)। ਇਨ੍ਹਾਂ ਵਿਚੋਂ ਭਾਈ ਗੁਰਦਾਸ ਜੀ ਸਭ ਤੋਂ ਵੱਡੇ ਵਿਆਖਿਆਕਾਰ ਅਤੇ ਗੁਰਮਤਿ ਦੇ ਵਿਦਵਾਨ ਹੋਏ ਸਨ।

ਗੁਰੂ ਰਾਮਦਾਸ ਜੀ ਗੁਰਸਿੱਖਾ ਨੂੰ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਅਤੇ ਹੱਥੀਂ ਕਿਰਤ ਕਰਨ ਦੀ ਤਾਕੀਦ ਕਰਦੇ ਰਹਿੰਦੇ ਸਨ। ਇਸੇ ਕਰਕੇ ਹੀ ਉਨ੍ਹਾਂ ਦੀ ਬਾਣੀ ਦੀਆ ਇਹ ਤੁਕਾਂ ਅਮਲਾਉਣਯੋਗ ਰੁਤਬਾ ਰਖਦੀਆ ਹਨ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥


www.AKJ.Org

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖੁ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਗਉੜੀ ਕੀ ਵਾਰ, ਮ:੪: ਪੰਨਾ ੩੦੫)

ਜਦੋਂ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਉਨ੍ਹਾਂ ਨੂੰ ਇਕ ਵਾਰ ਮਿਲਣ ਆਏ ਤਾਂ ਬਾਬਾ ਜੀ ਕਹਿਣ ਲੱਗੇ,' ਇੰਨਾ ਵੱਡਾ ਦਾਹੜਾ ਕਿਉਂ ਵਧਾਇਆ ਹੈ, ''ਤਾਂ ਗੁਰੂ ਰਾਮਦਾਸ ਜੀ ਦਾ ਦੋ ਟੁੱਕ ਜਵਾਬ ਸੀ, ''ਆਪ ਜੈਸੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ ।'' ਬਾਬਾ ਸ੍ਰੀ ਚੰਦ ਕਹਿਣ ਲਗੇ, ''ਮਹਿਮਾ ਤਾਂ ਬਹੁਤ ਸੁਣੀ ਸੀ ਪਰ ਹੁਣ ਪ੍ਰਤੱਖ ਦੇਖ ਲਈ ਹੈ।'' ਅਜਿਹੀ ਨਿਮਰਤਾ ਦੀ ਹੱਦ ਤਾਂ ਵਧੇਰੇ ਹੋਣ ਦੀ ਮਿਸਾਲ ਗੁਰੂ ਰਾਮਦਾਸ ਜੀ ਦੀ ਬਾਣੀ 'ਚੋਂ ਸਪੱਸ਼ਟ ਝਲਕਦੀ ਹੈ-

ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ ॥ (ਪੰਨਾ ੧੬੭)

ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥ (੧੬੭)

ਜਿਥੇ ਆਪ ਜੀ ਦੇ ਮਨ ਵਿਚ ਨਿਮਰਤਾ, ਹਲੀਮੀ ਤੇ ਪਿਆਰ ਦੀ ਭਾਵਨਾ ਭਰੀ ਹੋਈ ਸੀ, ਉਥੇ ਸੱਚ ਕਹਿਣ ਦੀ ਦਲੇਰੀ ਅਤੇ ਦ੍ਰਿੜ੍ਹਤਾ ਵੀ ਸੀ। ਆਪ ਨੇ ਗੁਰੂ-ਨਿੰਦਕਾਂ, ਦੋਖੀਆਂ, ਸਾਜ਼ਿਸ਼ੀਆਂ, ਸੁਆਗੀਰਾਂ, ਖੁਦਗਰਜ਼ਾਂ, ਢੀਠਾਂ, ਪਖੰਡੀਆਂ, ਮਨਮੱਤੀਆਂ ਆਦਿ ਦਾ ਡਟ ਕੇ ਵਿਰੋਧ ਕੀਤਾ। ਆਪ ਆਪਣੇ ਸਪੁੱਤਰ ਪ੍ਰਿਥੀਚੰਦ ਦੀਆਂ ਗਲਤ ਅਤੇ ਗੁਰੂ ਘਰ ਵਿਰੋਧੀ ਹਰਕਤਾਂ ਨੂੰ ਵੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਤਾੜਦੇ ਰਹਿੰਦੇ।

ਆਪ ਲੋਕਾਈ ਤੇ ਸਮਾਜ ਸੇਵਾ ਦੇ ਮਹਾਨ ਸੇਵਾਦਾਰ ਸਨ। ਇਕ ਵਾਰ ਬਾਉਲੀ ਬਣਾਉਣ ਦਾ ਕੰਮ ਚਲਦੇ ਲਾਹੌਰ ਤੋਂ ਆਏ ਆਪ ਦੇ ਰਿਸ਼ਤੇਦਾਰਾਂ ਨੇ ਸਹੁਰੇ ਘਰੇ ਟੋਕਰੀ ਢੋਣ ਤੇ ਇਤਰਾਜ਼ ਕੀਤਾ ਤਾਂ ਆਪ ਨੇ ਕਿਹਾ ਸੀ, ''ਇਹਨਾਂ ਨੂੰ ਕੀ ਪਤਾ ਸੇਵਾ ਤਾਂ ਵੱਡੇ ਭਾਗਾਂ ਨਾਲ ਮਿਲਦੀ ਹੈ।'' ਉਸ ਸਮੇਂ ਆਪ ਦਾ ਵਿਆਹ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਨਾਲ ਹੋ ਚੁਕਾ ਸੀ।

ਗੁਰੂ ਰਾਮਦਾਸ ਜੀ ਗਰੀਬਾਂ ਅਤੇ ਲੋੜਵੰਦਾਂ ਦੇ ਵੱਡੇ ਹਮਦਰਦ ਸਨ। ਪ੍ਰਸਿਧ ਵਿਦਵਾਨ ਪ੍ਰਿੰ: ਸਤਿਬੀਰ ਸਿੰਘ ਦੀ ਲਿਖਤ ਅਨੁਸਾਰ ਜੇ ਇਕ ਮਾਈ ਨੇ ਚਾਅ ਨਾਲ ਮੋਤੀਆਂ ਦੀ ਮਾਲਾ ਦਿਤੀ ਤਾਂ ਰਾਹ ਬੈਠੇ ਇਕ ਮਲੰਗ ਨੂੰ ਦੇ ਦਿਤੀ। ਜੇ ਅਕਬਰ ਨੇ ਮੋਹਰਾਂ ਭੇਟ ਕੀਤੀਆਂ ਤਾਂ ਵੰਡ ਦਿਤੀਆਂ। ਜੇ ਧਨ ਮਿਲਿਆ, ਉਹ ਵੰਡ ਦਿੱਤਾ। ਗੋਲਕ ਚੜ੍ਹੀ, ਉਸੇ ਵੇਲੇ ਵੰਡ ਦਿਤੀ। ਰਸਦਾਂ ਆਈਆਂ, ਲੋੜਵੰਦਾਂ ਨੂੰ ਖੁਦ ਜਾ ਕੇ ਵੰਡ ਦਿਤੀਆਂ। ਅੰਮ੍ਰਿਤਸਰ ਸ਼ਹਿਰ ਨੂੰ ਵੀ ਲੋਕਾਂ ਨੂੰ ਵੰਡਣ ਦਾ ਐਲਾਨ ਕਰ ਦਿਤਾ। ਵੱਖਰੀ ਗੱਲ ਹੈ ਲੋਕਾਂ ਨੇ ਕਿਹਾ ਕਿ ਅਸੀਂ ਤਾਂ ਤੁਹਾਡੇ ਰਾਜ ਵਿਚ ਹੀ ਰਹਿਣਾ ਹੈ। ਲੋਕਾਂ ਦੀ ਜ਼ਬਾਨ ਤੇ ਇਹ ਅਖਾਣ ਚੜ੍ਹ ਗਿਆ ਸੀ- ਰਾਜ ਕਰੈਂ ਜਹਿ ਆਪ ਗੁਰੂ ਤਹਿ ਕਿਉਂ ਨਾ ਅਨੰਦ ਸੌਂ ਲੋਕ ਬਸਾਹੀਂ। ਆਪ ਦੇ ਗੁਰੱਗਦੀ ਕਾਲ 'ਚ ਲੋਕਾਂ ਨੇ ਅਥਾਹ ਅਨੰਦ ਮਹਿਸੂਸ ਕੀਤਾ।

ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਗਏ 31 ਰਾਗਾਂ ਵਿਚੋਂ 30 ਰਾਗਾਂ 'ਚ ਬਾਣੀ ਉਚਾਰਨ ਕੀਤੀ। (ਰਾਗ ਜੈਜਾਵੰਤੀ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਬਾਣੀ ਰਚੀ ਹੈ) । ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗਾਂ ਤੇ ਅਧਾਰਤ ਆਪ ਦੀ ਬਾਣੀ ਨੂੰ ਪ੍ਰੋ: ਪੂਰਨ ਸਿੰਘ ''ਪਿਆਰ ਦੀ ਨਦੀ'' ਬਿਆਨਦਾ ਹੈ ਕਿਉਂਕਿ ਆਪ ਜੀ ਦੀ ਬਾਣੀ ''ਪਿਆਰੇ ਦੇ ਦੇਸ਼ ਨੂੰ ਲਿਜਾਂਦੀ ਬਿਰਹੋਂ ਰੂਪੀ ਸੜਕ ਹੈ। ਸੂਹੀ ਰਾਗ ਵਿਚ ਉਚਾਰਣ ਹੋਈਆਂ ''ਲਾਵਾਂ'' ਪਿਆਰਿਆਂ ਦੇ ਪਿਆਰ 'ਚੋਂ ਰੱਬੀ ਪਿਆਰ

(ਬਾਕੀ ਪੰਨਾ ੧੯ ਤੇ ...)



www.AKJ.Org

# ਖੋਜ ਸਬਦ ਮੈ ਲੇਹ

(ਡਾ: ਸਰਬ ਜੋਤ ਕੌਰ ਲੁਧਿਆਣਾ)

ਹਰ ਸਿੱਖ ਹਰ ਰੋਜ਼ ਅਰਦਾਸ ਕਰਨ ਸਮੇਂ ਦਸਾਂ ਪਾਤਸ਼ਾਹੀਆਂ ਦੇ ਪਾਵਨ ਸਰੂਪਾਂ ਦਾ ਧਿਆਨ ਧਰਨ ਤੋਂ ਬਾਅਦ ਦਸਾਂ ਪਾਤਸ਼ਾਹੀਆਂ ਦੇ ਆਤਮਕ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ ਦੀਦਾਰ ਦਾ ਧਿਆਨ ਧਰਦਾ ਹੈ। ਅਰਦਾਸ ਉਪਰੰਤ ਗਿਆਨੀ ਗਿਆਨ ਸਿੰਘ ਰਚਿਤ ਜਿਸ ਦੋਹਿਰੇ ਦਾ ਗਾਇਨ ਕੀਤਾ ਜਾਂਦਾ ਹੈ ਉਸ ਰਾਹੀਂ ਗ੍ਰੰਥ ਅਤੇ ਪੰਥ ਯਾਨੀ ਬਾਣੀ ਅਤੇ ਖਾਲਸਾ ਪੰਥ ਬਾਰੇ ਸਪਸ਼ਟ ਰੂਪ ਵਿਚ ਦ੍ਰਿੜ ਕਰਾਇਆ ਜਾਂਦਾ ਹੈ।

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ ॥

ਅਕਾਲ-ਪੁਰਖ ਦੀ ਆਗਿਆ ਨਾਲ ਗੁਰੂ ਨਾਨਕ ਦੇਵ ਜੀ ਨੇ 'ਨਿਰਮਲ ਪੰਥ ਚਲਾਇਆ'। ਇਸੇ ਨਿਰਮਲ ਪੰਥ ਨੂੰ ਦਸਮ ਪਾਤਸ਼ਾਹ ਨੇ ਅੰਤਮ ਛੋਹਾਂ ਦੇ ਕੇ ਪੰਥ ਚਲਾਇਉ ਖਾਲਸਾ ਦੇ ਰੂਪ ਵਿਚ ਪ੍ਰਗਟ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਦੀ ਪੂਰਤੀ ਹੋਈ। ਗੁਰੂ ਦੀ ਦੇਹਧਾਰੀ ਪਰੰਪਰਾ ਦਾ ਅੰਤ ਹੋਇਆ। ਗੁਰ ਸ਼ਬਦ ਦੇ ਭੰਡਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਬਿਰਾਜਮਾਨ ਕੀਤਾ ਗਿਆ ਅਤੇ ਹੁਕਮ ਹੋਇਆ ਕਿ ਪ੍ਰਭੂ ਪ੍ਰਾਪਤੀ ਦੀ ਤਾਂਘ ਰੱਖਣ ਵਾਲਾ ਹਰ ਪ੍ਰਾਣੀ ਸ਼ਬਦ ਭਾਵ ਬਾਣੀ ਵਿਚੋਂ ਪ੍ਰਭੂ ਮਿਲਾਪ ਕਰੇ।

ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸਬਦ ਮੈ ਲੇਹ ॥

ਇਕ ਗੱਲ ਬੜੀ ਸਪਸ਼ਟ ਹੈ ਕਿ ਕਿਸੇ ਵਸਤੂ ਦੀ ਪ੍ਰਾਪਤੀ ਲਈ ਉਸ ਵਸਤੂ ਦੇ ਧਾਰਨੀ ਕੋਲ ਜਾਣਾ ਜ਼ਰੂਰੀ ਹੈ। ਸੰਗੀਤ ਸਿੱਖਣ ਲਈ ਸੰਗੀਤ ਦੇ ਮਾਹਿਰ ਤਕ ਪਹੁੰਚਣਾ ਜ਼ਰੂਰੀ ਹੈ। ਪੇਂਟਿੰਗ ਸਿੱਖਣੀ ਹੋਵੇ ਤਾਂ ਕਿਸੇ ਕਲਾਕਾਰ ਦੀ ਸ਼ਰਨ ਲੈਣੀ ਪਏਗੀ। ਏਸੇ ਤਰ੍ਹਾਂ ਅਧਿਆਤਮਕ ਮੰਜ਼ਲ ਵਲ ਵਧਣ ਅਤੇ ਉਸ ਦੇ ਫ਼ਲਸਰੂਪ ਜੀਵਨ ਨੂੰ ਹਰ ਪੱਖੋਂ ਸੰਤੁਲਿਤ ਅਤੇ ਸੁਖੀ ਬਣਾਉਣ ਲਈ ਕਾਮਲ ਗੁਰੂ ਦੀ ਅਗਵਾਈ ਦੀ ਜ਼ਰੂਰਤ ਹੈ। ਪੂਰਨ ਗੁਰੂ ਬਿਨਾਂ ਕਦੇ ਵੀ ਪ੍ਰਭੂ ਨੂੰ ਲਖਿਆ ਨਹੀਂ ਜਾ ਸਕਦਾ। ਗੁਰੂ ਅੰਦਰ ਅਕਾਲਪੁਰਖ ਵਿਸ਼ੇਸ਼ ਨਿਵਾਸ ਰਖਦਾ ਹੈ। ਗੁਰੂ, ਅਕਾਲਪੁਰਖ ਦੇ ਪ੍ਰਕਾਸ਼ ਵਿਚ ਹੀ ਸਿੱਖ ਦੀ ਅਗਵਾਈ ਕਰਦਾ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਬੜੇ ਸਪਸ਼ਟ ਸਬਦਾਂ ਵਿਚ ਕਿਹਾ ਹੈ।

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ ਦਾਤਾ ਪਾਇਆ ॥ (ਪੰਨਾ ੪੬੬)

ਸਤਿਗੁਰ ਬਿਨਾਂ ਨਾਮ ਦੀ ਪ੍ਰਾਪਤੀ ਨਹੀ ਹੋ ਸਕਦੀ ਅਤੇ ਨਾਮ ਬਿਨਾਂ ਭਰਮ ਦਾ ਗੜ੍ਹ ਤੋੜਿਆ ਨਹੀਂ ਜਾ ਸਕਦਾ।

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ (ਪੰਨਾ ੪੬੬)

ਗੁਰੂ ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ- ਗੁ ਅਤੇ ਰੂ। 'ਗੁ' ਦੇ ਅਰਥ ਹਨ ਹਨੇਰਾ ਅਤ ਰੂ ਦੇ ਅਰਥ ਹਨ ਪ੍ਰਕਾਸ਼ ਅਰਥਾਤ ਹਨੇਰੇ ਵਿਚ ਪ੍ਰਕਾਸ਼ ਕਰਨ ਵਾਲੀ ਸੱਤਿਆ ਗੁਰੂ ਅਖਵਾਉਂਦੀ ਹੈ। ਅਧਿਆਤਮ ਮੰਡਲ ਵਿਚ ਮਨੁੱਖ ਨੂੰ ਹਨੇਰਾ ਭਰਮ ਅਤੇ ਅਗਿਆਨਤਾ ਦਾ ਹੈ ਜਿਸ ਨੂੰ ਦੂਰ ਕਰਨ ਦੇ ਗੁਰੂ ਹੀ ਸਮਰੱਥ ਹੈ:



www.AKJ.Org

ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥ (ਪੰਨਾ ੩੮੫)

ਇਸ ਵਿਚ ਕੋਈ ਸ਼ਕ ਨਹੀਂ ਕਿ ਗੁਰੂਆਂ ਸਿਰ ਗੁਰੂ ਵਾਹਿਗੁਰੂ ਅਕਾਲਪੁਰਖ ਆਪ ਹੈ ਪਰ ਸਿੱਖ ਧਰਮ ਵਿਚ 'ਗੁਰ-ਪ੍ਰਣਾਲੀ' ਦਾ ਆਰੰਭ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਅਤੇ ਇਹ ਗੁਰ-ਪਦਵੀ ਆਪ ਨੂੰ ਅਕਾਲ ਪੁਰਖ ਪਰਮੇਸ਼ਰ ਨੇ ਆਪ ਦਿਤੀ। ਜਨਮ ਸਾਖੀ ਦਾ ਕਰਤਾ ਲਿਖਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਤੋਂ ਪਰਮੇਸ਼ਰ ਦੀ ਹਜ਼ੂਰੀ ਵਿਚ ਗਏ ਤਾਂ ਜੋ ਬਚਨ ਅਕਾਲ ਪੁਰਖ ਨੇ ਗੁਰ ਨਾਨਕ ਪਾਤਸ਼ਾਹ ਨਾਲ ਕੀਤਾ ਉਹ ਸੀ

ਮੇਰਾ ਨਾਉਂ ਪਾਰਬ੍ਰਹਮ ਪਰਮੇਸ਼ਰ ਅਰ ਤੇਰਾ ਨਾਉਂ ਗੁਰ ਪਰਮੇਸ਼ਰ

ਆਦਿ ਜੁਗਾਦਿ ਤੋਂ ਗੁਰੂ ਧਾਰਨ ਦੀ ਜੋ ਪਰੰਪਰਾ ਚਲੀ ਆਉਂਦੀ ਹੈ ਉਹ ਗੁਰੂ ਨਾਨਕ ਸਾਹਿਬ ਤੇ ਲਾਗੂ ਨਹੀਂ ਹੁੰਦੀ ਕਿਉਂਕਿ ਆਪ ਧੁਰੋਂ ਹੀ ਗੁਰ ਪਰਮੇਸ਼ਰ ਸਨ। ਗੁਰ ਪਰਮੇਸ਼ਰ ਹੋਣ ਕਰਕੇ ਰੱਬੀ ਗਿਆਨ ਦਾ ਆਪ ਵਿਚ ਮੁੱਢੋਂ ਹੀ ਨਿਵਾਸ ਸੀ। ਉਸ ਰੱਬੀ ਗਿਆਨ ਨੇ ਜਦੋਂ ਅੱਖਰਾਂ ਦਾ ਜਾਮਾ ਪਹਿਨਿਆ ਤਾਂ ਉਹ ਸ਼ਬਦ ਅਖਵਾਇਆ। ਰੱਬੀ ਗਿਆਨ ਹੋਣ ਕਰਕੇ ਸ਼ਬਦ ਵਿਚ ਪਾਰਬ੍ਰਹਮ ਦਾ ਵਾਸਾ ਹੈ ਅਤੇ ਗੁਰਬਾਣੀ ਦਾ ਫੁਰਮਾਨ ਹੈ ਕਿ ਪਾਰਬ੍ਰਹਮ ਤੇ ਗੁਰੂ ਇਕ ਹੁੰਦੇ ਹਨ। ਦੋਹਾਂ ਵਿਚ ਕੋਈ ਅੰਤਰ ਨਹੀਂ ਹੁੰਦਾ

ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ (ਪੰਨਾ ੧੧੪੨)

ਗੁਰ ਪਰਮੇਸਰੁ ਏਕੋ ਜਾਣੁ ॥ (ਪੰਨਾ ੮੬੪)

ਕਿਉਂ ਕਿ ਸਤਿਗੁਰੂ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀਂ ਇਸ ਲਈ ਰੱਬੀ ਗਿਆਨ ਰੂਪੀ ਸ਼ਬਦ ਅਤੇ ਸਤਿਗੁਰੂ ਵਿਚ ਕੋਈ ਅੰਤਰ ਨਹੀਂ। ਸਤਿਗੁਰ ਅਤੇ ਸ਼ਬਦ ਅੰਤਰ-ਆਤਮੈ ਅਭੇਦ ਹਨ-

ਸਤਿਗੁਰ ਮਹਿ ਸਬਦ ਸਬਦ ਮੈਂ ਸਤਿਗੁਰ ਹੈ
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ ॥ (ਭਾਈ ਗੁਰਦਾਸ)
ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ (ਪੰਨਾ ੧੩੧੦)
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥ (ਪੰਨਾ ੯੮੨)

ਗੁਰੂ ਅੰਦਰ ਅਕਾਲ-ਪੁਰਖ ਦਾ ਵਾਸਾ ਹੋਣ ਕਰਕੇ ਗੁਰੂ ਅਕਾਲ-ਪੁਰਖ ਵਾਂਗ ਹੀ ਸਦੀਵੀ ਹੈ। ਗੁਰੂ ਸਰਬ ਕਾਲ ਅਬਿਨਾਸੀ ਹੈ। ਉਹ ਆਵਾਗਉਣ ਦੇ ਚੱਕਰ ਵਿਚ ਨਹੀਂ ਪੈਂਦਾ।

ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ (ਪੰਨਾ ੭੫੯)

ਗੁਰੂ ਸਦਾ ਥਿਰ ਰਹਿਣ ਵਾਲਾ ਹੈ। ਦੇਹ ਬਿਨਸ ਜਾਂਦੀ ਹੈ ਗੁਰੂ ਨਹੀਂ। ਗੁਰੂ ਨਾਨਕ ਦੇਵ ਜੀ ਦੀ ਦੇਹ ਬਿਨਸ ਗਈ ਪਰ ਗੁਰ-ਜੋਤ ਹੂ-ਬ-ਹੂ ਗੁਰੂ ਅੰਗਦ ਦੇਵ ਜੀ ਵਿਚ ਪ੍ਰਵੇਸ਼ ਕਰ ਗਈ। ਇਹੀ ਜੋਤ ਫਿਰ ਬਾਕੀ ਗੁਰੂ ਸਾਹਿਬਾਨ ਵਿਚ ਵੀ ਇੰਨ ਬਿੰਨ ਪ੍ਰਵੇਸ਼ ਕਰਦੀ ਗਈ। ਸਮੇਂ ਨਾਲ ਸਰੀਰ ਬਦਲਦੇ ਗਏ ਪਰ ਗੁਰੂ-ਜੋਤ ਤੇ ਗੁਰੂ ਜੁਗਤਿ ਸਦਾ ਇਕਸਾਰ ਰਹੀ :

ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬੬)

ਗੁਰੂ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਾ ਹੋ ਕੇ ਅਕਾਲ-ਪੁਰਖ ਵਲੋਂ ਮਨੁੱਖੀ ਕਲਿਆਣ ਲਈ ਨਿਸਚਿਤ ਕੀਤਾ ਕੋਈ ਆਤਮਿਕ ਪੱਧਰ ਜਾਂ ਸਾਧਨ ਹੈ। ਵਿਅਕਤੀ ਗੁਰੂ ਨਹੀਂ। ਸਿਧਾਂਤ ਜਾਂ ਸ਼ਬਦ ਗੁਰੂ ਹੈ। ਏਸੇ ਨਹੀ ਜਦੋਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਸੁਆਲ ਕੀਤਾ-

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ (ਪੰਨਾ ੯੪੨)

ਤਾਂ ਗੁਰੂ ਨਾਨਕ ਸਾਹਿਬ ਦਾ ਜੁਆਬ ਸੀ-


www.AKJ.Org

ਸਬਦੁ ਗੁਰੂ ਸੁਰਤਿ ਧੁਨਿ ਚੇਲਾ (ਪੰਨਾ ੯੪੩)

ਅੰਜੀਲ ਵਿਚ ਵੀ ਲਿਖਿਆ ਹੈ :

In the beginning there was word

Word was with God, Word was God

ਅਰਥਾਤ ਸ੍ਰਿਸ਼ਟੀ ਦੇ ਆਦਿ ਵਿਚ ਸ਼ਬਦ ਸੀ, ਸ਼ਬਦ ਰੱਬ ਕੋਲ ਸੀ, ਸ਼ਬਦ ਹੀ ਰੱਬ ਸੀ। ਈਸਾਈਆਂ ਨੇ ਅੰਜੀਲ ਵਿਚ ਲਿਖੇ ਇਸ ਸੱਚ ਨੂੰ ਵੀਚਾਰਿਆ ਅਤੇ ਪ੍ਰਚਾਰਿਆ ਹੈ ਜਾਂ ਨਹੀਂ ਪਰ ਸਿੱਖ ਗੁਰੂ ਸਾਹਿਬਾਨ ਨੇ ਸ਼ਬਦ ਦੇ ਗੁਰੂ ਰੂਪ ਨੂੰ ਪਰਤੱਖ ਕਰ ਵਿਖਾਇਆ ਹੈ। ਭਾਰਤੀ ਪਰਮਾਰਥ ਪ੍ਰਣਾਲੀ ਵਿਚ ਸ਼ਬਦ ਨੂੰ ਗਿਆਨ ਦਾ ਮਹਾਨ ਪ੍ਰਮਾਣ ਮੰਨਿਆ ਗਿਆ ਹੈ। ਸ਼ਬਦ ਦਾ ਅਰਥ ਹੈ- ਅਵਾਜ਼, ਧੁਨੀ ਜਾਂ ਬਾਣੀ ਪਰ ਉਹ ਧੁਨੀ ਜਾਂ ਉਹ ਬਾਣੀ ਜਿਸ ਵਿਚ ਬਿਆਨ ਕੀਤਾ ਸੱਚ ਕਹਿਣ ਵਾਲੇ ਦੇ ਨਿੱਜ ਤਜਰਬੇ ਤੇ ਅਧਾਰਿਤ ਹੋਵੇ। ਸ਼ਬਦ ਦਾ ਅਧਾਰ ਨਿਜ ਤਜਰਬਾ ਹੁੰਦਾ ਹੈ। ਉਸ ਵਿਚ 'ਜੇਹਾ ਡਿਠਾ ਮੈ ਤੇਹੋ ਕਹਿਆ' ਵਾਲੀ ਗੱਲ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:

ਹਰਿ ਕੇ ਦੁਆਰੈ ਜੋ ਹੋਇ ਬਿਤੀਤੈ ਜਨ ਨਾਨਕ ਆਖ ਸੁਣਾਵੈ

ਗੁਰੂ ਸਾਹਿਬਾਨ ਨੇ ਜੋ ਦੇਖਿਆ ਉਹੀ ਸੁਣਾਇਆ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਦੇਖਿਆ ਕੀ ? ਗੁਰੂ ਸਾਹਿਬ ਨੇ ਦੇਖਿਆ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਜਪਜੀ ਸਾਹਿਬ)

ਸਚ ਖੰਡਿ ਵਸੈ ਨਿਰੰਕਾਰ॥ ਕਰਿ ਕਰਿ ਵੇਖੈ ਨਦਰਿ ਨਿਹਾਲ॥

ਤਬੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥ (ਜਪਜੀ ਸਾਹਿਬ)

ਇਹ ਸਭ ਗੁਰੂ ਸਾਹਿਬ ਨੇ ਦੇਖਿਆ, ਇਸੇ ਲਈ ਇਹ 'ਸਬਦ' ਹੈ। 'ਸਾਰੀ ਗੁਰਬਾਣੀ ਸ਼ਬਦ ਹੈ ਕਿਉਂ ਕਿ ਇਸ ਵਿਚ ਹੱਡੀਂ ਵਾਪਰੇ ਹਾਲਾਤ ਦਰਜ ਹਨ। ਹੱਡੀਂ ਵਾਪਰੇ ਹਾਲਾਤ ਸੱਚ ਹੁੰਦੇ ਹਨ ਅਤੇ ਮੰਨਣ ਯੋਗ ਵੀ। ਸੱਚ ਦੇਸ਼, ਕਾਲ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ। ਸੱਚ ਵਿਚੋਂ ਸੱਚ ਉਪਜਦਾ ਹੈ। ਸੱਚ ਸੰਤੋਖੀ ਹੁੰਦਾ ਹੈ, ਸੱਚ ਸੁੱਖ ਦਾ ਅਧਾਰ ਹੈ, ਸੱਚ ਕਲਿਆਣਕਾਰੀ ਹੁੰਦਾ ਹੈ। ਇਸੇ ਲਈ ਗੁਰਬਾਣੀ 'ਇਸ' ਲੋਕ ਅਤੇ 'ਉਸ' ਲੋਕ ਦੋਹਾਂ ਵਿਚ ਸਹਾਈ ਹੁੰਦੀ ਹੈ। ਮੌਤ ਤੋਂ ਬਾਅਦ ਵੀ ਇਹ ਰੂਹ ਦੀ ਦੈਵੀ ਸਾਥਣ ਬਣ ਕੇ ਮਦਦ ਕਰਦੀ ਹੈ। ਪ੍ਰੋ: ਪੂਰਨ ਸਿੰਘ ਲਿਖਦੇ ਹਨ ਕਿ ਇਹ ਬਾਣੀ ਧੁਰ ਅਦ੍ਰਿਸ਼ਟ ਦੇਸ਼ਾਂ ਵਿਚ ਕੀਰਤਨ ਰੂਪ ਵਿਚ ਗੂੰਜ ਰਹੀ ਹੈ। ਇਹ ਬਾਣੀ ਭਾਵੇਂ ਸਾਡੇ ਸਾਹਮਣੇ ਕਾਵਿ-ਰੂਪ ਵਿਚ ਆਈ ਹੈ ਪਰ ਇਹ ਕਵਿਤਾ ਨਹੀਂ, ਇਹ ਤਾਂ ਬ੍ਰਹਮ ਬੀਚਾਰ ਹੈ।

ਲੋਗੁ ਜਾਨੈ ਇਹ ਗੀਤੁ ਹੈ ਇਹ ਤਉ ਬ੍ਰਹਮ ਬੀਚਾਰ॥ (ਪੰਨਾ ੩੩੫)

ਇਹ ਪ੍ਰਭੂ ਦਰ ਤੋਂ ਵਰੋਸਾਇਆਂ ਦੀ ਬਾਣੀ ਹੈ ਅਤੇ ਉਸ ਦਰ ਤੇ ਵਸਣ ਵਾਲੇ 'ਸੋ ਪੁਰਖ' ਦੇ ਦਰਸ਼ਨਾਂ ਦੀ ਬਿਹਬਲਤਾ ਪ੍ਰਗਟਾਉਣ ਵਾਲੀ ਬਾਣੀ ਹੈ। ਜੀਵ ਲਈ 'ਬਿਹਬਲਤਾ ਤੋਂ ਸਹਜ' ਤਕ ਦਾ ਸਫ਼ਰ ਵੀ ਬਾਣੀ ਦੀ ਅਗਵਾਈ ਬਿਨਾਂ ਸੰਭਵ ਨਹੀਂ। ਬਾਣੀ ਉਹ ਖੰਭ ਹਨ ਜੋ ਮਨੁੱਖ ਨੂੰ ਬਾਣੀ ਵਾਲੇ ਦੇ ਦੇਸ਼ ਵਿਚ ਉਡਾ ਕੇ ਲੈ ਜਾਂਦੇ ਹਨ। ਸੋ ਬਾਣੀ ਵਾਲੇ ਦੇ ਦੇਸ਼ ਅਪੜਨ ਲਈ ਬਾਣੀ ਨੂੰ ਹਰ ਵੇਲੇ ਦਾ ਆਸਰਾ ਬਣਾਉਣਾ ਪਏਗਾ।

ਜਿਉ ਮੰਦਰ ਕਉ ਥਾਮੈ ਥੰਮਨੁ॥

ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੨

ਬਾਣੀ ਵਾਹਿਗੁਰੂ ਨਾਲ ਜੋੜਨ ਲਈ ਰਸ ਅਤੇ ਮੰਡਲ ਪੈਦਾ ਕਰਦੀ ਹੈ। ਮਨ ਨੂੰ ਸ਼ਾਂਤੀ ਤੇ ਇਕਾਗਰਤਾ ਬਖਸ਼ਦੀ ਹੈ। ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਕਰਦੀ ਹੈ। ਬਾਣੀ ਮਹਾਨ ਹੈ ਅਤੇ ਬਾਣੀ ਦੀ ਮਹਾਨਤਾ



www.AKJ.Org

ਨੂੰ ਗੁਰੂ ਸਾਹਿਬਾਨ ਨੇ ਬਾਰ ਬਾਰ ਦ੍ਰਿੜ ਕਰਾਇਆ ਹੈ। ਪਰੰਤੂ ਫੇਰ ਵੀ ਅਸੀਂ ਬਹੁਤ ਵਾਰੀ ਬਾਣੀ ਪੜ੍ਹਨ, ਬਾਣੀ ਵਿਚਾਰਨ ਤੋਂ ਘੌਲ ਕਰ ਜਾਂਦੇ ਹਾਂ ਤੇ ਕਈ ਵਾਰ ਤਾਂ ਇਥੋਂ ਤਕ ਵੀ ਕਹਿ ਦਿੱਤਾ ਜਾਂਦਾ ਹੈ ਕਿ ਗੁਰਬਾਣੀ ਵਿਚ ਦਸੇ ਅਸੂਲਾਂ ਨੂੰ ਜੇ ਅਮਲ ਵਿਚ ਨਹੀਂ ਲਿਆਉਣਾ ਤਾਂ ਫਿਰ ਬਾਣੀ ਪੜ੍ਹਨ ਦਾ ਕੀ ਲਾਭ ? ਅਜਿਹਾ ਹੀ ਪ੍ਰਸ਼ਨ ਇਕ ਦਿਨ ਸਿੱਖਾਂ ਨੇ ਕੀਤਾ ਸੀ ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਨੂੰ :

ਪਾਠ ਕਰਹਿ ਹਮ ਨਿਤ ਗੁਰਬਾਨੀ ॥ਅਰਥ ਪਰਮਾਰਥ ਕਛੂ ਨ ਜਾਨੀ ॥
ਜੋ ਮਾਰਗ ਗੁਰਸ਼ਬਦ ਬਤਾਇਵ ॥ ਸੋ ਹਮ ਤੇ ਨਹਿ ਜਾਤ ਕਮਾਇਵ ॥ (ਪੰਥ ਪ੍ਰਕਾਸ਼)

ਅਰਥਾਤ ਜੋ ਬਾਣੀ ਵਿਚ ਲਿਖਿਆ ਹੈ ਉਹ ਬਹੁਤ ਆਦਰਸ਼ਕ ਹੈ। ਪਰ ਅਸੀਂ ਉਸ ਤੇ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕਦੇ ਤਾਂ ਫਿਰ ਰੋਜ਼ਾਨਾ ਬਾਣੀ ਪੜ੍ਹਨ ਦਾ ਕੀ ਲਾਭ? ਇਹ ਸੁਣ ਕੇ ਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ," ਇਸ ਪ੍ਰਸ਼ਨ ਦਾ ਜੁਆਬ ਸਮਾਂ ਆਉਣ ਤੇ ਦਿਆਂਗੇ।" ਅਗਲੇ ਦਿਨ ਗੁਰੂ ਜੀ ਘੋੜੇ ਤੇ ਚੜ੍ਹ ਕੇ ਸ਼ਿਕਾਰ ਕਰਨ ਗਏ। ਰਸਤੇ ਵਿਚ ਇਕ ਘਿਉ ਵਾਲੇ ਭਾਂਡੇ ਦੀ ਟੁੱਟੀ ਹੋਈ ਠੀਕਰੀ ਪਈ ਸੀ। ਗੁਰੂ ਸਾਹਿਬ ਨੇ ਕਿਹਾ,"ਔਹ ਠੀਕਰ ਚੁੱਕ ਲਿਆਉ।" ਸਿੱਖਾਂ ਨੇ ਲੈ ਆਂਦੀ। ਸਤਵੇਂ ਪਾਤਸ਼ਾਹ ਕਹਿਣ ਲੱਗੇ-

ਰਹੀ ਚਿਕਨਤਾ ਠੀਕਰ ਮਹਿ ਤਿਉ ਬਾਣੀ ਗੁਨ ਰਹੈ ਮਨ ਮਹਿ

ਅਰਥਾਤ ਜਿਵੇਂ ਘਿਉਂ ਦੇ ਭਾਂਡੇ ਵਿਚ ਘਿਉ ਪੈਣ ਕਰਕੇ ਥਿੰਧਿਆਈ ਰਹਿੰਦੀ ਹੈ ਤਿਵੇਂ ਹੀ ਜੋ ਮਨੁੱਖ ਬਾਣੀ ਦਾ ਅਭਿਆਸ ਕਰੇਗਾ, ਬਾਣੀ ਦੀ ਪਵਿੱਤਰਤਾ ਉਸ ਦੇ ਮਨ ਤੇ ਅਸਰ ਪਾਏਗੀ ਹੀ। ਅਸੀਂ ਜਾਂ ਤਾਂ ਬਾਣੀ ਪੜ੍ਹਦੇ ਹੀ ਨਹੀਂ ਤੇ ਜੇ ਪੜ੍ਹਦੇ ਵੀ ਹਾਂ ਤਾਂ ਮਨ ਅਤੇ ਬੁੱਧੀ ਦੇ ਅਕੜੇਵੇਂ ਖਤਮ ਨਹੀਂ ਕਰਦੇ। ਇਸੇ ਲਈ ਆਤਮਾ ਕੋਰੀ ਰਹਿੰਦੀ ਹੈ। ਆਤਮਾ ਪਰਮਾਤਮਾ ਵਿਚਲੀ ਕੂੜ ਦੀ ਪਾਲ ਨਹੀਂ ਟੁੱਟਦੀ। ਸਾਡਾ ਹਿਰਦਾ ਪਿਆਸਾ ਰਹਿੰਦਾ ਹੈ। ਝਿਮ ਝਿਮ ਵਸਣ ਵਾਲੀ ਅੰਮ੍ਰਿਤਧਾਰ ਸਾਡੇ ਮਨ ਦੀ ਧਰਤੀ ਨੂੰ ਸਿੰਜਦੀ ਨਹੀਂ। ਏਸੇ ਲਈ ਸਾਡੇ ਅੰਦਰੋਂ ਖੁਸ਼ਕੀ ਮਿਟਦੀ ਨਹੀਂ। ਅਸੀਂ ਕਹਿ ਤਾਂ ਦੇਂਦੇ ਹਾਂ

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥ (ਪੰਨਾ ੫੯੩)

ਪਰ ਹਰੀ ਦੇ ਨਾਮ ਦਾ ਭੋਜਨ ਛਕਦੇ ਨਹੀਂ ਇਸੇ ਲਈ ਸਾਡੀ ਭੁੱਖ ਮਿਟਦੀ ਨਹੀਂ। ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਮੁੰਦਾਵਣੀ ਵਿਚ ਲਿਖਿਆ ਹੈ :

ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕਉ ਭੁੰਚੈ ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥ (ਪੰਨਾ ੧੪੨੯)

ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਸਤਿ, ਸੰਤੋਖ ਅਤੇ ਅੰਮ੍ਰਿਤ ਨਾਮ ਦੀ ਵੀਚਾਰ ਦਾ ਬਹੁਮੁੱਲਾ ਖਾਣਾ ਪਰੋਸ ਕੇ ਜਗਤ ਦੇ ਜੀਵਾਂ ਨੂੰ ਦਿੱਤਾ ਹੈ। ਪਰ ਇਸ ਖਾਣੇ ਦਾ ਸੁਆਦ ਮਾਣੇਗਾ ਓਹੀ ਜੋ ਇਸ ਨੂੰ ਖਾਵੇਗਾ। ਸਾਰਾ ਸੰਸਾਰ 'ਭੁੱਖ' (ਉਧਾਰ ਦੀ) ਨਾਲ ਵਿਆਕੁਲ ਹੋਇਆ ਫਿਰਦਾ ਹੈ। ਇਹ ਭੁੱਖ ਉਸੇ ਦੀ ਹੀ ਮਿਟੇਗੀ ਜੋ ਇਸ ਖਾਣੇ ਨੂੰ ਅੰਗੀਕਾਰ ਕਰੇਗਾ। ਇਸ ਥਾਲ ਵਿਚ ਪਈ ਵਸਤ ਇਤਨੀ ਸੁਆਦ ਹੈ ਕਿ ਤਜੀ ਜਾਣ ਵਾਲੀ ਨਹੀਂ। ਇਸ ਦੇ ਤਿਆਗ ਦਾ ਭਾਵ ਅਪਣੇ ਆਪ ਨੂੰ ਘਾਟੇ ਵਲ ਲਿਜਾਂਉਣਾ ਹੈ। ਸੋ ਭਲਾ ਏਸੇ ਵਿਚ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚੋਂ ਸੱਚ ਦੀ ਖੋਜ ਕਰੀਏ, ਸੰਤੋਖੀ ਜੀਵਨ ਜੀਊਣ ਦਾ ਢੰਗ ਲਭੀਏ ਤੇ ਆਪਣੇ ਜੀਵਨ ਨੂੰ ਨਾਮ ਵਿਚ ਰੰਗੀਏ। ਪ੍ਰੋ: ਪੂਰਨ ਸਿੰਘ ਇਕ ਥਾਂ ਲਿਖਦੇ ਹਨ ਕਿ ਜੇ ਅਸਾਂ ਸੱਚ ਦੀ ਖੋਜ ਕਰਨੀ ਹੈ ਤਾਂ ਇਸ ਦਾ ਸਭ ਤੋਂ ਵਧੇਰੇ


www.AKJ.Org

ਪ੍ਰਮਾਣੀਕ ਸੋਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਪ੍ਰੋਫੈਸਰ ਸਾਹਿਬ ਸੱਚ ਦੀ ਭਾਲ ਵਿਚ ਥਾਂ ਥਾਂ ਭਟਕੇ, ਵੇਦਾਂਤੀ ਵੀ ਬਣੇ, ਘਰ ਬਾਰ ਤੋਂ ਵੀ ਨਿਰਾਸ਼ ਹੋ ਕੇ ਬੈਠੇ ਪਰ ਜਦ ਘਰ ਵਾਪਸ ਪਰਤੇ ਤਾਂ ਲਿਖਦੇ ਹਨ

*ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਢੂੰਡ ਮਾਰਿਆ। ਅਸੀਂ ਇਧਰੋਂ ਉਧਰੋ ਚੰਗੀ ਤੋਂ ਚੰਗੀ ਪਵਿੱਤਰ ਅਰ ਸੁਹਣੀ ਵਸਤੂ ਚੁਣ ਚੁਣ ਲਿਆਉਂਦੀ। ਪੁਰਾਣੇ ਪੱਥਰਾਂ ਉਤੇ ਉਕਰੇ ਬਚਨ, ਭੋਜ ਪੱਤਰਾਂ ਉਤੇ ਲਿਖੇ ਉਤਮ ਵਾਕ ਬੜੇ ਬੜੇ ਖੋਜੀਆਂ ਤੋ ਇਕੱਤਰ ਕੀਤੇ। ਉਸ ਦੇ ਭਾਵ ਨਾਲ ਪੁਰਾਣੇ ਰਿਸ਼ੀਆਂ ਮੁਨੀਆਂ, ਅਵਤਾਰਾਂ ਪੈਗੰਬਰਾਂ ਨੇ ਜੋ ਅਨੁਭਵ ਤੇ ਗਿਆਨ ਦੇ ਮੋਤੀ ਬਖਸ਼ੇ, ਲੱਦੇ ਹੋਏ ਅਸੀਂ ਵਾਪਸ ਮੁੜੇ ਤਾਂ ਪਤਾ ਲੱਗਾ ਕਿ ਉਹ ਸਾਰਾ ਗਿਆਨ, ਅਮੋਲਕ ਭੰਡਾਰਾ, ਸੱਚੇ ਹੀਰੇ ਰਤਨਾਂ ਤੇ ਜਵਾਹਰਾਤ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅੰਦਰ ਭਰਿਆ ਪਿਆ ਹੈ ਜਿਸ ਦਾ ਪਾਠ ਅਸੀਂ ਆਪਣੀ ਮਾਤਾ ਜੀ ਤੋਂ ਸੁਣਿਆ ਕਰਦੇ ਸੀ।*

ਸੋ ਆਉ ਅਸੀਂ ਵੀ ਹੀਰੇ, ਜਵਾਹਰਾਤਾਂ ਦੀ ਇਸ ਖਾਣ ਵਿਚੋਂ ਕੁਝ ਮੋਤੀ ਚੁਣੀਏ। ਆਪਣੀ ਸੁਰਤ ਨੂੰ ਸ਼ਬਦ ਗੁਰੂ ਵਿਚ ਜੋੜੀਏ।

ਗੁਰ ਕਾ ਸਬਦੁ ਲਗੋ ਮਨਿ ਮੀਠਾ ਪਾਰਬ੍ਰਹਮੁ ਤਾ ਤੇ ਮੋਹਿ ਡੀਠਾ (ਪੰਨਾ ੧੮੭)

(ਪੰਨਾ ੧੪ ਦਾ ਬਾਕੀ....)

ਉਪਜਾਉਣ ਦਾ ਸਨੇਹਾ ਦਿੰਦੀਆਂ ਹਨ। ਗੁਰੂ ਰਾਮਦਾਸ ਜੀ ਦੀ ਬਾਣੀ ਕੋਮਲਤਾ ਸੂਖਮਤਾ ਤੇ ਸੁਚੱਜਤਾ ਦਾ ਰਾਗਬੱਧ ਸੁਮੇਲ ਹੈ। ਆਪ ਜੀ ਦੀ ਸਮੁੱਚੀ ਬਾਣੀ ਪਿਆਰੇ ਨਾਲ ਪਿਆਰ ਤੰਦਾਂ ਮਜ਼ਬੂਤ ਕਰਨ ਦੀ ਤੜਪ ਦਰਸਾਉਂਦੀ ਹੈ-

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ (੭੫੭)
ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰਬਚਨ ਮਨਿ ਤੀਰ ਲਗਈਆ ॥ (੮੩੫)
ਅਦ੍ਰਿਸਟ ਅਗੋਚਰੁ ਪਕੜਿਆ ਗੁਰਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥ (੧੧੧੪)

ਗੁਰੂ ਰਾਮਦਾਸ ਜੀ ਦੇ ਅਣਥੱਕ ਯਤਨਾਂ ਸਦਕਾ ਜਿਥੇ ਸਿੱਖੀ ਦਾ ਪ੍ਰਚਾਰ ਵਧਿਆ ਉਥੇ ਸਿੱਖਾਂ ਵਿਚ ਕੌਮੀਅਤ ਦੀ ਭਾਵਨਾ ਵੀ ਮਜ਼ਬੂਤ ਹੋਈ। ਮੈਕਾਲਿਫ ਦੇ ਸ਼ਬਦਾਂ ਵਿਚ "ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਿੱਖੀ ਚਹੁੰ ਚੱਕੀਂ ਫੈਲੀ।" ਗੁਰੂ ਰਾਮਦਾਸ ਜੀ ਦਾ ਮਹਾਨ ਜੀਵਨ ਵੇਖ ਕੇ ਸਚਮੁਚ ਅਕਾਲਪੁਰਖ ਦੀ ਉਤਮਤਾ ਤੇ ਉਸਦੇ ਘਟ ਘਟ ਵਿਚ ਵਰਤਣ ਦਾ ਸਪੱਸ਼ਟ ਪ੍ਰਮਾਣ ਮਿਲਦਾ ਹੈ। ਗੁਰੂ ਰਾਮਦਾਸ ਜੀ ਦਾ ਮਹਾਨ ਕਰਾਮਾਤੀ ਜੀਵਨ ਵੇਖ ਕੇ ਤਾਂ ਗੁਰੂ ਘਰ ਦੇ ਰਬਾਬੀਆਂ ਸੱਤਾਂ ਤੇ ਬਲਵੰਡ ਦੇ ਮੁਖਾਰਬਿੰਦਾਂ 'ਚੋਂ ਉਚਰੇ ਇਹ ਬੋਲ ਨਿਤ ਨਿਤ ਯਾਦ ਆਉਂਦੇ ਹਨ-

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੇ ਧਾਰਿਆ ॥ (ਪੰਨਾ ੯੬੮)

▪ ▪ ▪ ▪

(ਪੰਨਾ ੨੧ ਦਾ ਬਾਕੀ ...)

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਮ-ਪੁਸਤਕਾਂ ਵਾਂਗ ਸਮਝ ਕੇ ਕਈ ਲੋਕ ਆਪਣਾ ਵਪਾਰ ਵਧਾਉਣ ਅਤੇ ਪੈਸਾ ਕਮਾਉਣ ਲਈ ਵਰਤਦੇ ਹਨ, ਜੋ ਅਤੀ ਘ੍ਰਿਣਤ, ਨਿੰਦਣੀਯ ਤੇ ਘਾਟੇਵੰਦਾ ਵਪਾਰ ਹੈ। ਇਹ ਦਸ ਗੁਰੂ ਸਾਹਿਬਾਂ ਦਾ ਪ੍ਰਤੱਖ ਸਰੂਪ ਹਨ, ਜਿਨ੍ਹਾਂ ਦਾ ਸਤਿਕਾਰ ਸਿਖ ਗੁਰੂ ਸਾਹਿਬਾਨ ਗੁਰੂ ਦੇ ਰੂਪ ਵਿਚ ਆਪ ਕਰਦੇ ਰਹੇ ਹਨ। ਇਸ ਲਈ ਸਭ ਗੁਰਸਿਖਾਂ ਦਾ ਪਰਮ ਕਰਤੱਵ ਹੈ ਕਿ ਮਨ, ਵਚਨ, ਕਰਮ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨ।



www.AKJ.Org

# ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ

(ਸ: ਪ੍ਰਹਿਲਾਦ ਸਿੰਘ ਜੀ)

ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਸਿਖਾਂ ਲਈ ਕਰੜੇ ਆਦੇਸ਼ ਅਤੇ ਆਤਮਕ ਕਲਿਆਣ ਲਈ ਮਧੁਰ ਉਪਦੇਸ਼ ਨੂੰ ਪੰਥ ਪ੍ਰਕਾਸ਼ ਦਾ ਲਿਖਾਰ। ਇਉਂ ਕਥਨ ਕਰਦਾ ਹੈ-

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ।

ਸਤਿਗੁਰਾਂ ਨੇ ਦਸ ਗੁਰੂ ਸਾਹਿਬਾਨ ਦੇ ਆਤਮਕ ਸਰੂਪ, ਜੁਗੋ ਜੁਗ ਅਟੱਲ, ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗਦੀ ਬਖ਼ਸ਼ ਕੇ ਖ਼ਾਲਸਾ ਪੰਥ ਨੂੰ ਇਨ੍ਹਾਂ ਦੀ ਤਾਬਿਆ ਕਰ ਦਿਤਾ। ਰਹਿਤਨਾਮਿਆਂ ਵਿਚ ਆਪ ਦਾ ਫ਼ੁਰਮਾਨ ਇਸ ਪ੍ਰਕਾਰ ਹੈ :-

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।

ਸੋ ਗੁਰੂ ਕੇ ਸਿਖ ਇਕ ਅਕਾਲ ਪੁਰਖ ਦੇ ਪੁਜਾਰੀ ਹਨ। ਅਕਾਲ ਪੁਰਖ ਦੇ ਮਿਲਾਪ ਦਾ ਮਾਧਿਅਮ 'ਗੁਰੂ ਕਾ ਸ਼ਬਦ' ਹੈ ਅਤੇ ਗੁਰੂ ਦੇ ਪ੍ਰਤੱਖ ਦਰਸ਼ਨ ਤਿਆਰ-ਬਰ-ਤਿਆਰ ਗੁਰੂ ਖ਼ਾਲਸੇ ਦੇ ਦਰਸ਼ਨ ਹਨ।

ਗੁਰਬਾਣੀ ਗੁਰੂ ਦਾ ਪ੍ਰਤੱਖ ਸਰੂਪ ਹੈ। ਇਸ ਵਿਚ ਅੰਮ੍ਰਿਤ ਭਰਪੂਰ ਹੈ। ਗੁਰਬਾਣੀ ਭਗਤੀ ਦਾ ਭੰਡਾਰ ਹੈ। ਇਸ ਨੂੰ ਪੜਨ ਸੁਣਨ ਵਾਲੇ ਨਿਹਾਲ ਅਤੇ ਜੀਵਨ-ਮੁਕਤ ਹੋ ਜਾਂਦੇ ਹਨ। ਬਾਣੀ ਅਕਾਲ ਪੁਰਖ ਤੋਂ ਆਈ ਸਤਿਗੁਰਾਂ ਦੇ ਮੁਖਾਰਬਿੰਦ ਤੋਂ ਉਚਾਰਨ ਹੋਈ ਸਾਰੇ ਰੋਗਾਂ ਦੀ ਔਖਦੀ ਅਤੇ ਆਤਮ-ਕਲਿਆਣਕਾਰੀ ਬੂਟੀ ਹੈ।

ਗੁਰਬਾਣੀ ਜੀਵਨ ਲਈ ਉਹ ਅੰਮ੍ਰਿਤ-ਭੋਜਨ ਹੈ ਜਿਸ ਤੋਂ ਮਨੁੱਖਤਾ ਸਦਾ ਆਤਮਕ ਸੰਤੁਸ਼ਟਤਾ ਪ੍ਰਾਪਤ ਕਰਦੀ ਹੈ। "ਗੁਰਬਾਣੀ ਇਸ ਜਗ ਮਹਿ ਜਾਨਣ" ਮਹਾਨ ਚਾਨਣ ਮੁਨਾਰਾ (light-house) ਹੈ। "ਗੁਰਬਾਣੀ ਇਕ ਪ੍ਰਕਾਰ ਦਾ ਆਤਮਕ ਰਸ ਭਰਪੂਰ ਅਧਿਐਨ ਤੇ ਅਨਭਵੀ ਪ੍ਰਕਾਸ਼ ਹੈ।" (ਪਦਮ)

ਇਹ-ਸਬਦੁ ਗੁਰ ਪੀਰਾ, ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ (ਹੈ)।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ ਦੇ ਅਧਿਆਤਮਕ ਭੋਜਨ ਦਾ ਥਾਲ ਹਨ, ਜਿਨ੍ਹਾਂ ਵਿਚ ਵਾਹਿਗੁਰੂ ਦਾ ਨਾਮ ਅਤੇ ਮਨੁੱਖਤਾ ਦੇ ਸਦਾਚਾਰ ਨੂੰ ਉਚਾ ਕਰਨ ਵਾਲੇ 'ਸਤ' 'ਸੰਤੋਖ' ਅਤੇ 'ਵੀਚਾਰ' ਦੇ ਸਰਬ-ਸਰੇਸ਼ਟ ਗੁਣ ਭਰਪੂਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਅਪਰ ਅਪਾਰ ਹੈ। ਇਹ ਅਗਿਆਨਤਾ ਦੇ ਅੰਨ੍ਹੇਰੇ ਤੋਂ ਕਢ ਕੇ ਮਨੁੱਖ ਨੂੰ ਅਗੰਮੀ ਗਿਆਨ ਬਖ਼ਸ਼ਣ ਵਾਲਾ ਇਕ ਖ਼ਜ਼ਾਨਾ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਅਤੇ ਮਾਨਵੀ ਸਮਾਜ ਲਈ ਅਦੁੱਤੀ ਦੇਣ ਹੈ। ਸਤੰਯ, ਸ਼ਿਵੰ, ਸੁੰਦਰੰਮ ਦੀ ਭਰਪੂਰ ਨਿਧੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਮਨੁੱਖ ਨੂੰ ਪ੍ਰਭੂ-ਭਗਤੀ, ਸੇਵਾ, ਸਿਮਰਨ, ਸਦਾਚਾਰ, ਪਰਉਪਕਾਰ, ਪਰਸਪਰ ਭਰਾਤ੍ਰੀ ਪ੍ਰੇਮ, ਸੰਤੁਸ਼ਟ ਜੀਵਨ ਦੀ ਸਚੀ ਪ੍ਰੇਰਨਾ ਬਖ਼ਸ਼ਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਲੱਖਣਤਾ ਇਸ ਗੱਲ ਦੀ ਹੈ ਕਿ ਇਹ ਇਕ ਅੰਤਰ-ਰਾਸ਼ਟਰੀ ਧਾਰਮਕ ਗ੍ਰੰਥ (International Religious Book) ਹੈ, ਜਿਸ ਵਿਚ ਸਾਰੇ ਧਰਮਾਂ, ਸਭ ਜਾਤੀਆਂ ਅਤੇ ਸਭ ਉਚ-ਨੀਚ ਸ਼੍ਰੇਣੀਆਂ ਨੂੰ ਸਾਂਝਾ ਉਪਦੇਸ਼ ਦਿਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਹਿਲਾਂ ਦੇ ਧਾਰਮਕ ਗ੍ਰੰਥਾਂ-ਵੇਦ, ਸ਼ਾਸਤਰ, ਗੀਤਾ, ਕੁਰਾਨ, ਤੋਰੇਤ, ਅੰਜੀਲ, ਸਿਮਰਤੀਆਂ-ਨੂੰ ਸਾਰਾ ਸਮਾਜ ਸਾਂਝੀਵਾਲਤਾ ਦੇ ਤੌਰ ਤੇ ਅਪਣਾ ਨਾ ਸਕਿਆ। ਇਨ੍ਹਾਂ ਗ੍ਰੰਥਾਂ ਦੇ ਪੜ੍ਹਨ ਸੁਣਨ ਦੀ ਆਮ ਸ਼੍ਰੇਣੀਆ ਨੂੰ ਆਗਿਆ ਵੀ ਨਹੀਂ ਸੀ, ਇਹ ਕੇਵਲ ਆਪਣੇ ਆਪਣੇ ਧਰਮ ਜਾਂ ਮਤ ਦੇ ਪ੍ਰਚਾਰਕ ਗ੍ਰੰਥ ਸਨ, ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਹਿਦ ਇਕੋ ਇਕ ਧਾਰਮਿਕ ਗ੍ਰੰਥ ਹੈ ਜੋ ਸਰਬ ਮਨੁੱਖਤਾ ਦੀ ਪ੍ਰਤੀਨਿਧਤਾ ਕਰਦਾ ਹੈ।

ਸੰਸਾਰ-ਪ੍ਰਸਿਧ ਦਾਰਸ਼ਨਿਕ, ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨਨ ਜੀ ਨੇ ਬੜੀ ਸ਼ਰਧਾ ਅਤੇ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਸ ਪ੍ਰਕਾਰ ਕਥਨ ਕੀਤਾ ਹੈ- "ਸਭ ਧਰਮਾਂ ਵਿਚ


www.AKJ.Org

ਸੁਮੇਲਤਾ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ, ਜਿਸ ਵਿਚ ਗੁਰਮਤਿ ਸਿਧਾਂਤਾ ਤੋਂ ਇਲਾਵਾ ਹਿੰਦੂਆਂ ਤੇ ਮੁਸਲਮਾਨਾਂ ਦੀ ਬਾਣੀ ਵੀ ਅੰਕਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਸਿਖਾਂ ਨੂੰ ਹੀ ਨਹੀਂ, ਸਗੋਂ ਸਾਰੇ ਭਾਰਤ-ਵਾਸੀਆਂ ਨੂੰ ਮਾਣ ਹੈ। ਅਸੀਂ ਏਸ ਦੇ ਅਧਿਆਤਮਕ ਖ਼ਜ਼ਾਨੇ ਨੂੰ ਪ੍ਰਣਾਮ ਕਰਦੇ ਹਾਂ।"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਮੰਨਣਾ, ਦਸ ਗੁਰੂ ਸਾਹਿਬਾਨ ਦੇ ਉਪਦੇਸ਼ ਤੇ ਹੁਕਮ ਨੂੰ ਮੰਨਣਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਮ੍ਰਿਤ-ਨਾਮ ਠਾਕੁਰ ਕਾ ਪਾਇਆ ਹੋਇਆ ਹੈ। ਸਮੱਗਰ ਗੁਰਬਾਣੀ ਇਸੇ ਇਕੋ ਅੰਮ੍ਰਿਤ-ਨਾਮ ਨੂੰ ਹੀ ਹੁਕਮਾਉਂਦੀ, ਵਿਆਖਿਆਉਂਦੀ ਤੇ ਦ੍ਰਿੜਾਉਂਦੀ ਹੈ। ਗੁਰਬਾਣੀ ਨੇ ਨਾਮ ਦੀ ਮਹਿਮਾ ਅਪਰ-ਅਪਾਰ ਦਰਸਾਈ ਹੈ। ਇਸ ਅੰਮ੍ਰਿਤ-ਨਾਮ ਦੇ ਸੁਣਨ ਪੜ੍ਹਨ ਤੇ ਮੰਨਣ ਨਾਲ ਹੀ ਆਤਮਕ ਚੇਤੰਨਤਾ ਪ੍ਰਾਪਤ ਹੁੰਦੀ ਹੈ, ਆਪਣੇ ਆਪੇ ਦੀ ਸੋਝੀ ਹੋ ਆਉਂਦੀ ਹੈ ਅਤੇ ਸਹਿਜੇ ਸਹਿਜੇ ਬਾਹਰ-ਮੁਖੀ ਸੁਰਤ ਅੰਤਰਮੁਖੀ ਹੋ ਜਾਂਦੀ ਹੈ। ਇਉਂ ਗੁਰਸਿਖ ਦੀ ਲਿਵ ਪਕ ਕੇ ਉਨਮਨ ਦਸ਼ਾ ਸਹਿਜ ਅਵਸਥਾ ਵਿਚ ਟਿਕ ਕੇ ਨਿਰੰਕਾਰ ਜੀ ਦੇ ਦੇਸ਼ ਸਚਖੰਡ ਦਾ ਵਾਸੀ ਬਣਾਂਦੀ ਹੈ।

ਪੰਥ ਦੇ ਸਿਰਜਨਹਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਪਣੇ ਖ਼ਾਲਸਾ ਪੰਥ ਪ੍ਰਤੀ ਇਕ ਕਰੜਾ ਆਦੇਸ਼ ਇਹ ਹੈ ਕਿ ਗੁਰੂ ਕਾ ਸਿਖ, ਗੁਰੂ ਭਾਵਨਾ ਨੂੰ ਮੁੱਖ ਰਖ ਕੇ ਆਪਣਾ ਮਸਤਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਹੀ ਝੁਕਾਵੇ; ਗੁਰਮੁਖਾਂ, ਗੁਰਸਿਖਾਂ, ਨਾਮ-ਰਸੀਆਂ ਦਾ ਸਤਿਕਾਰ ਕਰੇ; ਹੋਰ ਧਰਮਾਂ ਦੇ ਅਵਤਾਰਾਂ ਤੇ ਪੀਰ-ਪੈਗੰਬਰਾਂ ਨੂੰ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖੇ; ਪਰ ਆਪਣੇ ਹਿਰਦੇ ਵਿਚ ਗੁਰੂ ਵਾਲੀ ਸ਼ਰਧਾ-ਭਾਵਨੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਹੀ ਰਖੇ।

ਗੁਰਸਿਖ ਦਾ ਕਰਤਵ ਹੈ ਕਿ ਆਤਮਕ ਅਨੰਦ ਤੋਂ ਥੋਥੇ ਮਨਮਤੀਏ, ਪਖੰਡੀ ਗੁਰੂਆਂ ਦੇ ਜਾਲ ਵਿਚ ਨਾ ਫਸੇ। ਇਹ ਸਵਾਰਥੀ ਤੇ ਨੀਚ ਲੋਕ ਗੁਰਬਾਣੀ ਦੀ ਚੋਗ ਪਾਂਦੇ ਅਤੇ ਆਪਣੇ ਮਿੱਠੇ ਮਿੱਠੇ ਸ਼ਬਦਾਂ ਦੁਆਰਾ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਂਦੇ ਹਨ। ਸਵਾਰਥੀ, ਚਾਤਰ, ਅਧਮ, ਨੀਚ ਤੇ ਪਖੰਡੀ ਗੁਰੂ 'ਆਪ ਤਾਂ ਮੋਇਓਂ ਬਾਹਮਣਾ ਜਜਮਾਨ ਵੀ ਨਾਲੇ' ਆਪਣੇ ਚੇਲੇ ਚੇਲੀਆਂ ਦਾ ਜੀਵਨ, ਸਤ ਧਰਮ ਭ੍ਰਸ਼ਟ ਕਰਦੇ, ਨਰਕ ਗਾਮੀ ਬਣਦੇ ਹਨ। ਗੁਰੂ ਪੰਥ ਨੂੰ ਬਚਣ ਦੀ ਲੋੜ ਹੈ। ਇਨ੍ਹੀ ਨਥੂ ਖੈਰੇ ਬਣਾਉਟੀ ਗੁਰੂਆਂ ਤੋਂ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਤੇ ਗੁਰਮਤਿ ਅਸੂਲਾਂ ਦੀ ਵਿਰੋਧਤਾ ਕਰਨ ਵਾਲੇ ਭੇਖਧਾਰੀਆਂ ਨੂੰ ਸੰਸਾਰ ਵਿਚ ਜੀਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਪਖੰਡੀਆਂ ਦਾ ਸਾਥ ਕਰਨ ਵਾਲਿਆਂ ਲਈ ਗੁਰਬਾਣੀ ਦਾ ਫ਼ੁਰਮਾਨ ਹੈ :-

'ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ (੪੭੦)

ਕਲਗੀਧਰ ਜੀ ਦਾ ਹੁਕਮ ਹੈ ਕਿ ਗੁਰਸਿਖ ਆਪਣੀਆਂ ਸੰਸਾਰਕ ਤੇ ਪ੍ਰਮਾਰਥਕ ਮੰਗਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੰਗੇ, ਉਸ ਦੀਆਂ ਮਨ-ਇਛਤ ਸ਼ੁਭ ਕਮਾਨਾਵਾਂ ਪੂਰੀਆਂ ਹੋਣਗੀਆਂ। ਧਾਗੇ ਤਵੀਤ, ਮੰਤ੍ਰ-ਜੰਤ੍ਰ, ਟੂਣੇ ਜਾਦੂ ਆਦਿ ਕੋਈ ਵੀ ਗੁਰੂ ਦੇ ਮੰਤਰ ਦੇ ਨੇੜੇ ਨਹੀਂ ਫਟਕ ਸਕਦਾ। ਕੇਵਲ ਗੁਰਸਿਖ ਲਈ ਸ਼ਰਧਾ ਤੇ ਵਿਸ਼ਵਾਸ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਛਤਰ ਛਾਇਆ ਹੇਠਾ ਪੰਜਾ ਪਿਆਰਿਆਂ ਤੋਂ ਗੁਰ-ਮੰਤਰ ਪ੍ਰਾਪਤ ਕਰ ਕੇ ਅਤੁੱਟ ਅਭਿਆਸ-ਕਮਾਈ ਕਰੇ ਤਾਂ ਨੌ ਨਿਧਾਂ ਤੇ ਅਠਾਰ੍ਹਾ ਸਿਧਾਂ ਪਿਛੇ ਲਗੀਆਂ ਫਿਰਦੀਆਂ ਹਨ।

ਸਿਖ ਸੋਸਾਇਟੀਆਂ, ਜੱਥੇਬੰਦੀਆਂ, ਸਿੰਘ ਸਭਾਵਾਂ ਤੇ ਪ੍ਰਬੰਧਕ ਸਜਣਾਂ ਨੂੰ ਡਿਕਟੇਟਰ-ਸ਼ਿਪ ਅਤੇ ਮਹੰਤਗੀਰੀ ਦੀ ਭਾਵਨਾ ਤੋਂ ਬਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਪਿਆਰ ਅਤੇ ਪ੍ਰਚਾਰ ਕਰਨ ਦੀ ਲੋੜ ਹੈ। ਆਪਣੇ ਬੱਚਿਆਂ ਨੂੰ ਪੰਜਾਬੀ (ਗੁਰਮੁਖੀ) ਭਾਸ਼ਾ ਦਾ ਵਧ ਤੋਂ ਵਧ ਗਿਆਨ ਦੇਣਾ ਬਹੁਤ ਜ਼ਰੂਰੀ ਹੈ। ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦਾ ਮਾਧਿਅਮ ਹੈ। ਬੁੱਢਾ, ਬੱਚਾ, ਜੁਆਨ, ਇਸਤ੍ਰੀ ਪੁਰਸ਼ ਜੋ ਵੀ ਗੁਰਸਿਖ ਪੰਜਾਬੀ ਨਹੀਂ ਜਾਣਦਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਨੰਦ ਨਹੀਂ ਮਾਣ ਸਕਦਾ।

(ਬਾਕੀ ਪੰਨਾ ੧੯ ਤੇ ...)

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼(ਜ਼ਰੂਰੀ ਸੂਚਨਾਵਾਂ)

(ਗਿਆਨੀ ਹਰਬੰਸ ਸਿੰਘ ਜੀ)

## ੧. ਪ੍ਰਕਾਸ਼ ਅਸਥਾਨ

(ੳ) ਗੁਰਬਾਣੀ ਦਾ ਪਵਿੱਤਰ ਉਪਦੇਸ਼ ਹੈ :-

ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨੁ ਸੁਹਾਵਾ ਰਾਮ ਰਾਜੇ॥.....

ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ, ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥.......

ਅਤੇ

ਊਚੇ ਤੇ ਊਚਾ ਦਰਬਾਰਾ॥ ਕਹਣੁ ਨ ਜਾਈ ਅੰਤੁ ਨ ਪਾਰਾ॥
ਗਹਿਰ ਗੰਭੀਰ ਅਥਾਹ ਸੁਆਮੀ, ਅਤੁਲੁ ਨ ਜਾਈ ਕਿਆ ਮਿਨਾ॥........

ਇਨ੍ਹਾਂ ਵਾਕਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਉਚੇ ਤੋਂ ਉਚਾ ਅਤੇ ਸੁੰਦਰ ਤੋਂ ਸੁੰਦਰ ਅਸਥਾਨ ਹੋਣਾ ਚਾਹੀਦਾ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰ-ਅਸਥਾਨਾਂ ਤੋਂ ਇਲਾਵਾ ਘਰਾਂ ਅਤੇ ਬਾਹਰ ਖੁੱਲ੍ਹੇ ਪੰਡਾਲਾਂ ਵਿੱਚ ਵੀ, ਜਿਥੇ ਗੁਰਮਤਿ ਸਮਾਗਮ ਦੀਵਾਨ ਹੋਣ ਕਰਨਾ ਜ਼ਰੂਰੀ ਹੈ। ਗੁਰ ਸਤਿਕਾਰ ਨੂੰ ਮੁਖ ਰਖਦੇ ਹੋਏ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ ਕਿ ਉਹ ਅਸਥਾਨ ਗੁਰੂ ਬਾਬਾ ਜੀ ਦੀ ਸ਼ਾਨ ਸ਼ਾਇਆਂ ਹੋਵੇ। ਅਜਿਹੇ ਅਸਥਾਨਾਂ ਤੇ ਗੁਲਾਬ, ਕਿਉੜਾ ਆਦਿ ਸੁੰਗਧੀਆਂ ਦਾ ਛਿੜਕਾਉ ਕੀਤਾ ਜਾਏ ਤਾਂ ਹੋਰ ਵੀ ਚੰਗਾ ਹੈ। ਬਜ਼ਾਰਾਂ ਵਿਚ, ਗੰਦੇ ਪਲਾਟਾਂ ਵਿਚ ਤੇ ਕੁਹਜ਼ੀਆਂ ਥਾਵਾਂ ਤੇ ਪ੍ਰਕਾਸ਼ ਕਰਨਾ ਸਖ਼ਤ ਬੇਅਦਬੀ ਹੈ।

(ੲ) "ਘਰੁ ਘਰੁ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ" ਅਨੁਸਾਰ ਹਰ ਹਿਰਦੇ ਤੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਣਾ ਚੰਗਾ ਹੈ, ਪਰ ਆਮ ਵੇਖਣ ਵਿਚ ਇਹ ਆਉਂਦਾ ਹੈ ਕਿ ਘਰਾਂ ਵਿਚ ਗੁਰੂ ਬਾਬਾ ਜੀ ਵਾਸਤੇ ਚੁਣੀ ਗਈ ਥਾਂ ਛੋਟੀ ਤੋਂ ਛੋਟੀ ਹੈ, ਜਾਂ ਇਕੋ ਕਮਰੇ ਵਿਚ ਪਰਦਾ ਲਾ ਕੇ ਤਖਤਪੋਸ਼ ਉਤੇ, ਇਥੋਂ ਤਕ ਕਿ ਬਿਸਤਰਿਆਂ ਵਾਲੇ ਵੱਡੇ ਸੰਦੂਕ ਉਤੇ ਹੀ ਪਲੰਘ ਰੱਖ ਕੇ ਪ੍ਰਕਾਸ਼ ਕਰ ਲਿਆ ਜਾਂਦਾ ਹੈ। ਇਸ ਪ੍ਰਕਾਰ ਦੀ ਕ੍ਰਿਆ ਗੁਰੂ ਸਾਹਿਬ ਦੇ ਸਤਿਕਾਰ ਦੀ ਪ੍ਰਤੀਕ ਨਹੀਂ ਅਤੇ ਇਸ ਵਿਚੋਂ ਗੁਰੂ ਸਾਹਿਬ ਪ੍ਰਤੀ ਪ੍ਰੀਤਿ ਅਤੇ ਪਰਤੀਤ ਦੀ ਘਾਟ ਨਜ਼ਰ ਆਉਂਦੀ ਹੈ। ਸੋ ਜਿਹੜੇ ਵੀਰ ਗੁਰੂ ਬਾਬਾ ਜੀ ਨੂੰ ਆਪਣੇ ਘਰ ਵਿਚ ਪ੍ਰਕਾਸ਼ ਕਰਨ ਦਾ ਚਾਉ ਰਖਦੇ ਹੋਣ, ਉਨ੍ਹਾਂ ਨੂੰ ਚਾਹੀਦਾ ਹੈ ਕਿ ਗੁਰੂ ਬਾਬਾ ਜੀ ਲਈ ਚੰਗੇ ਤੋਂ ਚੰਗਾ ਕਮਰਾ ਨੀਯਤ ਕਰਨ। ਜਿਹੜੇ ਵੀਰ ਕੇਵਲ ਗੁਰਦਵਾਰੇ ਜਾਣ ਵਿਚ ਔਖ ਮਹਿਸੂਸ ਕਰਨ ਅਤੇ ਸਮੇਂ ਦੀ ਬਚੱਤ ਨੂੰ ਮੁਖ ਰਖਦੇ ਹੋਏ ਗੁਰੂ ਸਾਹਿਬ ਦਾ ਪ੍ਰਕਾਸ਼ ਘਰਾਂ ਵਿਚ ਕਰਦੇ ਹਨ, ਉਨ੍ਹਾਂ ਦਾ ਅਜਿਹਾ ਕਰਨਾ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਨਹੀਂ ਜਾਪਦਾ, ਕਿਉਂਕਿ:-

ਸਾਧ ਸੰਗਤ ਅਸਥਾਨ ਜਗ਼ਮਗ ਨੂਰ ਹੈ॥
ਲਖ ਲਖ ਸਸੀਅਰ ਭਾਨ ਕਿਰਨ ਠਰੂਰ ਹੈ॥ (ਭਾ: ਗੁਰਦਾਸ ਵਾਰ ੩-੧੦)

ਸਤਿਸੰਗਤ ਵਿਚ ਜਾਣਾ ਅਤਿ-ਜ਼ਰੂਰੀ ਹੈ।

(ਸ) ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੀ ਥਾਂ ਤੇ ਨਿਜੀ ਰਿਹਾਇਸ਼ ਹੋਣੀ ਠੀਕ ਨਹੀਂ। ਇਸੇ ਪ੍ਰਕਾਰ ਉਥੇ ਘਰੇਗੀ ਜਾਂ ਹੋਰ ਬੇਲੋੜਾ ਸਾਮਾਨ ਰੱਖ ਛੱਡਣਾ ਵੀ ਸ਼ੋਭਾ ਨਹੀਂ ਦੇਂਦਾ।

(ਹ) ਗੁਰੂ ਮਹਾਰਾਜ ਦੇ ਕਮਰੇ ਉਪਰ ਹੋਰ ਰਿਹਾਇਸ਼ੀ ਕਮਰਾ ਬਣਾਉਣ ਤੋਂ ਸੰਕੋਚ ਕਰਨਾ ਚਾਹੀਦਾ ਹੈ।

(ਕ) ਗੁਰੂ ਮਹਾਰਾਜ ਦੇ ਪ੍ਰਕਾਸ਼-ਅਸਥਾਨ 'ਤੇ, ਗੁਰੂ ਸਾਹਿਬ ਦੇ ਅੱਗੇ ਜਾਂ ਦੀਵਾਰਾਂ ਉਤੇ, ਕਿਸੇ ਪ੍ਰਕਾਰ ਦੀਆਂ ਮਨੁੱਖੀ ਜਾਂ ਗੁਰ-ਤਸਵੀਰਾਂ ਰੱਖਣੀਆਂ ਮਨਮਤਿ ਹੈ। ਇਨ੍ਹਾਂ ਕਾਗਜ਼ੀ ਚਿਤਰਾਂ ਨਾਲ ਗੁਰੂ-ਜੋਤਿ


www.AKJ.Org

ਦਾ ਮੁਕਾਬਲਾ ਕਰਨਾ ਵੱਡੀ ਭੁੱਲ ਹੈ। ਇਨ੍ਹਾਂ ਚਿਤਰਾਂ ਦੀ ਬਜਾਇ ਗੁਰਬਾਣੀ ਦੀਆਂ ਸਿਖਿਆਦਾਇਕ ਅਤੇ ਆਦਰਸ਼ਕ ਪੰਗਤੀਆਂ ਤੇ ਕਿੱਤੇ ਲਾਉਣੇ ਯੋਗ ਅਤੇ ਲਾਭਦਾਇਕ ਹਨ, ਕਿਉਂਕਿ ਉਹ ਮਨੁੱਖੀ ਜੀਵਨ ਵਿਚ ਪਲਟਾ ਲਿਆਉਣ ਲਈ ਸਹਾਇਕ ਹੋ ਸਕਦੇ ਹਨ ਅਤੇ ਉਨ੍ਹਾਂ ਦੀ ਪਰਦਰਸ਼ਨੀ ਦਾ ਪ੍ਰਭਾਵ ਵੀ ਹਰ ਇਕ ਆਏ ਦਰਸ਼ਕ ਤੇ ਪੈ ਸਕਦਾ ਹੈ।

੨ ਸਮਾਂ

(ੳ) ਭਾਈ ਸਾਹਿਬ ਗੁਰਦਾਸ ਜੀ ਦਾ ਕਥਨ ਹੈ :-

ਸਿਫਤਿ ਸਲਾਹਣ ਅੰਮ੍ਰਿਤੁ ਵੇਲਾ।

ਅਥਵਾ- ਆਦਿ ਪੁਰਖ ਆਦੇਸ ਕਰ, ਅੰਮ੍ਰਿਤ ਵੇਲਾ ਸ਼ਬਦ ਆਹਾਰੀ।। (ਵਾਰ ੧੧-੨)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੋਣਾ ਚਾਹੀਦਾ ਹੈ ਇਸ ਲਈ ਚਾਹੇ ਗੁਰ-ਅਸਥਾਨ (ਗੁਰਦਵਾਰਾ) ਹੋਵੇ ਜਾਂ ਘਰ ਹੋਵੇ, ਹਰ ਇਕ· ਨੂੰ ਅੰਮ੍ਰਿਤ ਵੇਲੇ ਗੁਰੂ ਸਾਹਿਬ ਦੇ ਪ੍ਰਕਾਸ਼ ਕਰਨ ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਬੀੜ ਰੱਖਣ ਦਾ ਕੋਈ ਪ੍ਰਯੋਜਨ ਨਜ਼ਰ ਨਹੀਂ ਆਉਂਦਾ। ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਆਹਾਰੀ ਹਨ। ਇਸ ਲਈ ਗੁਰਸਿਖ ਨੂੰ ਵੀ "ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ" ਦੇ ਨਿਯਮ ਦੀ ਪਾਲਣਾ ਕਰਨੀ ਚਾਹੀਦੀ ਹੈ।

(ਅ) ਕਈ ਗੁਰ-ਅਸਥਾਨਾਂ ਅਤੇ ਘਰਾਂ ਵਿਚ ਵੇਖਣ ਵਿਚ ਆਉਂਦਾ ਹੈ ਕਿ ਸਵੇਰ ਤੋਂ ਲੈ ਕੇ ਸ਼ਾਮ ਤਕ ਗੁਰੂ ਬਾਬਾ ਜੀ ਦੀ ਬੀੜ ਦਾ ਪ੍ਰਕਾਸ਼ ਰੁਪਮਾਨ ਰਹਿੰਦਾ ਹੈ ਭਾਵੇਂ ਕੋਈ ਪਾਠ ਕਰਨ ਵਾਲਾ ਹੋਵੇ ਜਾਂ ਨਾ ਹੋਵੇ, ਪਰ ਇਸ ਤਰ੍ਹਾਂ ਕਰਨਾ ਯੋਗ ਨਹੀਂ ਹੈ। ਜੇ ਪਾਠ ਕਰਨਾ ਹੋਵੇ ਤਾਂ ਪ੍ਰਕਾਸ਼ ਟਿਕਾ ਰਹੇ, ਨਹੀਂ ਤਾਂ ਸਵੇਰ ਦੇ ਨਿਤਨੇਮ ਤੋਂ ਵਿਹਲੇ ਹੋ ਕੇ ਜਾਂ ਵੱਧ ਤੋਂ ਵੱਧ ਦੁਪਹਿਰ ਤੱਕ ਸੁਖਾਸਨ ਕਰ ਦੇਣਾ ਚਾਹੀਦਾ ਹੈ, ਪਰ ਜੇ ਸ਼ਾਮ ਦੇ ਦੀਵਾਨ ਦੀਆਂ ਹਾਜ਼ਰੀਆਂ ਭਰਨੀਆਂ ਹੋਣ ਤਾਂ ਸ਼ਾਮ ਤਕ ਪ੍ਰਕਾਸ਼ ਰਖਣ ਵਿਚ ਕੋਈ ਹਰਜ ਨਹੀਂ ਅਤੇ ਸੋਦਰ ਦੇ ਦੀਵਾਨ ਪਿਛੋਂ ਸੁਖਾਸਨ ਕਰ ਕੇ ਬਿਰਾਜਮਾਨ ਕਰ ਦੇਣਾ ਚਾਹੀਦਾ ਹੈ।

੩. ਪ੍ਰਕਾਸ਼ ਕਰਨ ਬਾਰੇ

(1) ਮੰਜੀ ਸਾਹਿਬ ਜਾਂ ਪਾਲਕੀ-

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਚੇ ਥੜੇ ਜਾਂ ਤਖ਼ਤਪੋਸ਼ ਤੇ ਹੋਣਾ ਚਾਹੀਦਾ ਹੈ। ਜੇ ਕਿਸੇ ਕਾਰਨ ਇਹ ਦੋਵੇਂ ਅਸੰਭਵ ਹੋਣ ਤਾ ਧਰਤੀ ਤੇ ਹੀ ਸਵੱਛ ਬਸਤਰ ਵਿਛਾ ਕੇ ਮੰਜੀ ਸਾਹਿਬ ਉਤੇ ਪ੍ਰਕਾਸ਼ ਕਰਨ ਵਿਚ ਕੋਈ ਹਰਜ ਨਹੀਂ, ਅਤੇ ਨਾ ਹੀ ਕਿਸੇ ਪ੍ਰਕਾਰ ਦੇ ਭਰਮ ਵਿੱਚ ਪੈਣ ਦੀ ਲੋੜ ਹੈ।

(ਅ) ਮੰਜੀ ਸਾਹਿਬ ਤੋਂ ਬਿਨਾਂ ਕਿਸੇ ਹਾਲਤ ਵਿਚ ਵੀ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕਰਨਾ ਉਚਿਤ ਨਹੀਂ। ਮੰਜੀ ਸਾਹਿਬ ਦਾ ਸਾਈਜ਼ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਆਕਾਰ ਅਨੁਸਾਰ ਹੀ ਹੋਣਾ ਚਾਹੀਦਾ ਹੈ। ਇਉਂ ਨ ਹੋਵੇ ਕਿ ਮੰਜੀ ਸਾਹਿਬ ਦਾ ਆਕਾਰ ਛੋਟਾ ਹੋਵੇ ਤੇ ਬੀੜ ਵੱਡੇ ਆਕਾਰ ਵਾਲੀ ਹੋਵੇ। ਮੰਜੀ ਸਾਹਿਬ ਦੀ ਉਚਾਈ ਵੀ ਢੁਕਵੀਂ ਹੀ ਹੋਣੀ ਚਾਹੀਦੀ ਹੈ ਅਤੇ ਤਾਬਿਆ ਬੈਠਣ ਵਾਲੇ ਪਾਸੇ ਦੇ ਪਾਵੇ ਪਿਛਲਿਆਂ ਪਾਵਿਆਂ ਨਾਲੋਂ ਇੰਚ ਕੁ ਛੋਟੇ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਪਾਠ ਕਰਨ ਵਾਲਿਆਂ ਨੂੰ ਆਸਾਨੀ ਰਹਿੰਦੀ ਹੈ ਅਤੇ ਅੱਗੇ ਨੂੰ ਝੁਕਣਾ ਨਹੀਂ ਪੈਂਦਾ।

(ੲ) ਮੰਜੀ ਸਾਹਿਬ ਬੜੀ ਸੁੰਦਰ ਬਣੀ ਹੋਵੇ। ਕਈ ਅਸਥਾਨਾਂ ਤੇ ਇਹ ਵੇਖਣ ਵਿਚ ਆਉਂਦਾ ਹੈ ਕਿ ਮੰਜੀ ਸਾਹਿਬ ਦੀ ਹਾਲਤ ਬਹੁਤ ਹੀ ਭੈੜੀ ਮੈਲੀ-ਕੁਚੈਲੀ ਜਿਹੀ ਹੁੰਦੀ ਹੈ, ਸੋ ਸੁੰਦਰ ਗਿਲਾਫ ਨਾਲ ਉਸ ਦੀ ਸੰਭਾਲ ਰਖਣੀ ਜ਼ਰੂਰੀ ਹੈ। ਜੇ ਕੇਨ ਜਾਂ ਬੈਂਤ ਨਾਲ ਬੁਣੀ ਹੋਈ ਹੋਵੇ ਤਾਂ ਗਿਲਾਫ ਚੜ੍ਹਾਉਣ ਦੀ ਕੋਈ ਲੋੜ ਨਹੀਂ।


www.AKJ.Org

ii ਚੰਦੋਆ (ਚਾਨਣੀ)

ਪ੍ਰਕਾਸ਼ ਵਾਲੇ ਅਸਥਾਨ ਉਪਰ ਚੰਦੋਆ ਸਜਾਉਣਾ ਜ਼ਰੂਰੀ ਹੈ, ਗੁਰਵਾਕ ਹੈ :-

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ।। (ਪੰਨਾ ੯੬੮)

ਅੱਵਲ ਤਾਂ ਪ੍ਰਕਾਸ਼ ਮੰਜੀ ਸਾਹਿਬ ਤੇ ਹੀ ਕਰਨਾ ਚਾਹੀਦਾ ਹੈ, ਪਾਲਕੀ ਵਿੱਚ ਨਹੀਂ, ਪ੍ਰੰਤੂ ਜੇ ਪਾਲਕੀ ਹੋਵੇ ਅਤੇ ਉਸ ਦੇ ਅੰਦਰ ਛੋਟੀ ਚਾਨਣੀ ਲੱਗੀ ਹੋਈ ਹੋਵੇ ਤਾਂ ਵੀ ਵੱਡਾ ਚੰਦੋਆ ਪਾਲਕੀ ਉਪਰ ਹੋਣਾ ਜ਼ਰੂਰੀ ਹੈ।

iii ਰੁਮਾਲੇ-

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਰੁਮਾਲੇ ਅਤੀ ਸੁੰਦਰ ਪਰ ਸਾਦੇ ਹੋਣੇ ਚਾਹੀਦੇ ਹਨ। ਬਹੁਤੇ ਚਮਕੀਲੇ, ਭੜਕੀਲੇ ਤੇ ਪਤਲੇ ਨਹੀਂ ਹੋਣੇ ਚਾਹੀਦੇ।

ਪ੍ਰੇਮ-ਪਿਆਰ ਨਾਲ ਜੇ ਸਫ਼ੈਦ ਖੱਦਰ ਆਦਿ ਦੇ ਰੁਮਾਲੇ ਵੀ ਭੇਟਾ ਕੀਤੇ ਜਾਣ ਤਾਂ ਉਹੋ ਹੀ ਅਤੀ ਉਤਮ ਹਨ ਕਿਉਂਕਿ "ਗੋਬਿੰਦ ਭਾਉ ਭਗਤਿ ਦਾ ਭੁਖਾ" ਹੈ। ਪਰ ਇਹ ਗੱਲ ਵੇਖਣ ਵਾਲੀ ਹੈ ਕਿ ਘਰੇਲੂ ਰਹਿਤ ਵੀ ਸਾਦੀ ਹੋਵੇ। ਇਹ ਨਹੀਂ ਕਿ ਆਪਣੇ ਬਸਤਰ ਤਾਂ ਵਧੀਆ ਤੋਂ ਵਧੀਆ ਹੋਣ ਅਤੇ ਗੁਰੂ ਸਾਹਿਬ ਲਈ ਖੱਦਰ ਹੋਵੇ।

(ਅ) ਰੁਮਾਲੇ ਬੀੜ ਸਾਹਿਬ ਅਤੇ ਮੰਜੀ ਸਾਹਿਬ ਦੇ ਆਕਾਰ ਅਨੁਸਾਰ ਹੀ ਹੋਣੇ ਚਾਹੀਦੇ ਹਨ। ਬਹੁਤ ਛੋਟੇ-ਵੱਡੇ ਰੁਮਾਲੇ ਸ਼ੋਭਾ ਨਹੀਂ ਦਿੰਦੇ।

(ੲ) ਤਸਵੀਰਾਂ ਵਾਲੇ ਰੁਮਾਲੇ ਭੇਟਾ ਕਰਨੇ ਗੁਰ-ਆਸ਼ੇ ਵਿਰੁੱਧ ਹਨ, ਕਿਉਂਕਿ ਤਸਵੀਰਾਂ ਮਨੋ-ਕਲਪਤ ਹੁੰਦੀਆਂ ਹਨ। ਸਿੱਖ ਧਰਮ ਮੂਰਤੀ-ਪੂਜਕ ਨਹੀਂ, ਨਿਰੋਲ ਸ਼ਬਦ ਦਾ ਪੁਜਾਰੀ ਹੈ।

(ਸ) ਵਰਤੋਂ ਵਿਚ ਆਉਣ ਵਾਲੇ ਲੋੜੀਂਦੇ ਰੁਮਾਲੇ ਹੀ ਭੇਟਾ ਕਰਨੇ ਯੋਗ ਹਨ।

(ਹ) ਪਾਠ ਦੀ ਸਮਾਪਤੀ ਉਪਰੰਤ ਰੁਮਾਲਾ ਭੇਟਾ ਕਰਨ ਦੀ ਪੁਰਾਤਨ ਮਰਯਾਦਾ ਹੈ, ਪਰ ਲੋੜ ਤੋਂ ਵਧ ਰੁਮਾਲੇ ਹੋਣ ਦੀ ਸੂਰਤ ਵਿਚ ਯੋਗ ਮਾਇਆ ਭੇਟ ਕਰਨ ਵਿਚ ਕੋਈ ਹਰਜ਼ ਨਹੀਂ।

(ਕ) ਗੁਰਦੁਆਰਿਆਂ ਵਿੱਚ ਆਮ ਕਰਕੇ ਬੱਚਿਆਂ ਨੂੰ ਚੋਲੇ ਪਾਉਣ ਹਿਤ ਰੁਮਾਲੇ ਦਿੱਤੇ ਜਾਂਦੇ ਹਨ, ਪਰ ਇਹ ਇਨ੍ਹਾਂ ਦੀ ਅਯੋਗ ਵਰਤੋਂ ਹੈ। ਵਾਧੂ ਪਏ ਰੁਮਾਲਿਆਂ ਦੀ ਵਰਤੋਂ ਚੰਦੋਇਆਂ ਵਾਸਤੇ ਜਾਂ ਗੁਰਪੁਰਬਾਂ ਤੇ ਸਜਾਵਟ ਹਿਤ ਕਰ ਲੈਣੀ ਚਾਹੀਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਅਜਿਹੇ ਵਾਧੂ ਪਏ ਰੁਮਾਲੇ ਕਿਸੇ ਅਜਿਹੇ ਅਸਥਾਨ ਤੇ ਪਹੁੰਚਾ ਦਿੱਤੇ ਜਾਣ ਜਿਥੇ ਕਿ ਰੁਮਾਲਿਆਂ ਦੀ ਥੁੜ ਕਾਰਨ ਕਈ ਕਈ ਚਿਰ ਰੁਮਾਲੇ ਬਦਲੇ ਨਹੀਂ ਜਾਂਦੇ। ਅਜਿਹਾ ਕਰਨ ਨਾਲ ਗੁਰੂ ਮਹਾਰਾਜ ਦੀ ਸ਼ਾਨ ਹਰ ਅਸਥਾਨ ਤੇ ਬਰਾਬਰ ਰਖਣ ਵਿਚ ਮਦਦ ਮਿਲਦੀ ਹੈ।

(ਖ) ਪ੍ਰਕਾਸ਼ ਕਰਨ ਹਿਤ ਮੰਜੀ ਸਾਹਿਬ ਤੇ ਇਕ ਸੁੰਦਰ ਗਦੇਲਾ ਵਿਛਾਉਣਾ ਚਾਹੀਦਾ ਹੈ। ਗਦੇਲੇ ਉਪਰ ਇਕ ਰੁਮਾਲਾ ਵਿਛਾਇਆ ਜਾਵੇ ਅਤੇ ਉਸ ਉਤੇ ਦੋ ਗੋਲਦਾਰ ਵੱਡੇ ਸਿਰ੍ਹਾਣੇ (ਇਕ ਸੱਜੇ ਅਤੇ ਦੂਜਾ ਖੱਬੇ ਪਾਸੇ) ਸਜਾਏ ਜਾਣ ਅਤੇ ਤੀਜਾ ਸਿਰ੍ਹਾਣਾ (ਛੋਟੇ ਆਕਾਰ ਦਾ) ਵਿਚਕਾਰ (ਮੰਜੀ ਸਾਹਿਬ ਦੇ ਅਗਲੇ ਪਾਸੇ) ਰੱਖਿਆ ਜਾਏ। ਇਨ੍ਹਾਂ ਸਿਰ੍ਹਾਣਿਆਂ ਉਪਰ ਇਕ ਰੁਮਾਲਾ ਹੋਰ ਵਿਛਾਇਆ ਜਾਏ। ਇਸੇ ਤਰ੍ਹਾਂ ਇਕ ਦਰਸ਼ਨੀ ਰੁਮਾਲਾ ਮੰਜੀ ਸਾਹਿਬ ਦੇ ਅੱਗੇ ਅਤੇ ਦੋਹਰੇ ਤੀਹਰੇ ਰੁਮਾਲੇ ਪ੍ਰਕਾਸ਼ ਕਰਨ ਉਪ੍ਰੰਤ ਗੁਰੂ-ਮਹਾਰਾਜ ਉਪਰ ਦੇਣੇ ਚਾਹੀਦੇ ਹਨ। ਸੱਜੇ, ਖੱਬੇ ਦੋਹਾਂ ਪਾਸਿਆਂ ਵਾਲੀਆਂ ਦੋ ਪਲਕਾਂ, ਮੰਜੀ ਸਾਹਿਬ ਦੀ ਉਚਾਈ ਦੇ ਸਾਈਜ਼ ਦੀਆਂ ਲਾਉਣੀਆਂ ਚਾਹੀਦੀਆਂ ਹਨ। ਇਕ ਇਕ ਪਲਕ ਦੋਨਾਂ ਪਾਸੇ ਅੰਦਰ-ਵਾਰ ਸਜਾਉਣੀ ਚਾਹੀਦੀ ਹੈ, ਇਹ ਪੁਰਾਤਨ ਮਰਯਾਦਾ ਹੈ ਅਤੇ ਇਸ ਨਾਲ ਬੀੜ ਦੀ ਚੰਗੀ ਸੰਭਾਲ ਰਹਿੰਦੀ ਹੈ। ਇਨ੍ਹਾਂ ਅੰਦਰਵਾਰ ਵਾਲੀਆਂ ਪਲਕਾਂ ਦਾ ਮੰਤਵ ਇਹ ਹੁੰਦਾ ਹੈ ਕਿ ਪਾਠ ਕਰਨ ਉਪੰਰਤ ਪੱਤਰਿਆ ਨੂੰ ਇਨ੍ਹਾਂ ਨਾਲ ਢੱਕ ਦਿੱਤਾ ਜਾਏ।

(ਗ) ਅਗਲੇ ਪਾਸੇ ਲਗੇ ਹੋਏ ਦਰਸ਼ਨੀ ਰੁਮਾਲੇ ਤੇ ਫੂਲਦਾਨ, ਧੂਪ ਅਤੇ ਕੜਾਹ ਪ੍ਰਸ਼ਾਦ ਨਹੀਂ


www.AKJ.Org

ਰੱਖਣੇ ਚਾਹੀਦੇ, ਕਿਉਂਕਿ ਕਈ ਵਾਰ ਫੂਲਦਾਨਾਂ ਵਿੱਚੋਂ ਪਾਣੀ ਡੁਲ੍ਹਣ ਨਾਲ ਰੁਮਾਲੇ ਗਿੱਲੇ ਹੋ ਕੇ ਖ਼ਰਾਬ ਹੋ ਜਾਂਦੇ ਹਨ; ਧੂਪ ਦੀ ਬੁਰ-ਅਗਨੀ ਡਿਗਣ ਨਾਲ ਰੁਮਾਲਿਆਂ ਤੇ ਦਾਗ ਪੈ ਜਾਣ ਦਾ ਡਰ ਹੁੰਦਾ ਹੈ ਅਤੇ ਕੜਾਹ ਪ੍ਰਸ਼ਾਦ ਨਾਲ ਥਿੰਦੇ ਹੋਣ ਦਾ ਹੀ ਡਰ ਰਹਿੰਦਾ ਹੈ।

(ਘ) ਦਰਸ਼ਨੀ ਰੁਮਾਲੇ ਉਪਰ ਸ਼ਸਤਰ, ਚਕਰ ਖੰਡੇ, ਸ੍ਰੀ ਸਾਹਿਬਾਂ ਆਦਿ ਸਜਾਉਣੇ ਸ਼ੋਭਨੀਕ ਤੇ ਪ੍ਰਭਾਵਸ਼ਾਲੀ ਹਨ।

(ਙ) ਜਿਨ੍ਹਾਂ ਗੁਰਦਵਾਰਿਆਂ ਵਿਚ ਗਿਣਤੀ ਦੇ ਹੀ ਰੁਮਾਲੇ ਹੋਣ ਉਥੇ ਰੁਮਾਲਿਆਂ ਦੀ ਧੁਲਾਈ ਤੇ ਸਫ਼ਾਈ ਦਾ ਖ਼ਿਆਲ ਰਖਣਾ ਚਾਹੀਦਾ ਹੈ।

(ਚ) ਰੁਮਾਲਿਆਂ ਨੂੰ ਕੜਾਹ ਪ੍ਰਸ਼ਾਦ ਵਾਲੇ ਹਥ ਨਹੀਂ ਲਾਉਣੇ ਚਾਹੀਦੇ, ਸਗੋਂ ਧੋ ਕੇ ਲਾਉਣੇ ਚਾਹੀਦੇ ਹਨ।

(ਛ) ਗਰਮੀਆਂ ਵਿਚ ਠੰਢੇ ਅਤੇ ਸਰਦੀਆਂ ਵਿਚ ਗਰਮ ਰੁਮਾਲੇ ਇਸ ਮੰਤਵ ਨੂੰ ਮੁਖ ਰਖ ਕੇ ਨਹੀਂ ਚੜ੍ਹਾਉਣੇ ਚਾਹੀਦੇ ਕਿ ਗੁਰੂ ਸਾਹਿਬ ਨੂੰ ਸਰਦੀ ਜਾਂ ਗਰਮੀ ਲਗਦੀ ਹੈ, ਕਿਉਂਕਿ ਗੁਰੂ ਮਹਾਰਾਜ ਜੀ ਸ਼ਬਦ ਰੂਪ ਹਨ।

(ਜ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ (ਸੰਤੋਖਣ ਹਿਤ) ਪੰਜ ਸਾਫ਼ ਰੁਮਾਲਿਆਂ ਦੀ ਪੁਰਾਤਨ ਮਰਯਾਦਾ ਹੈ। ਇਹ ਰੁਮਾਲੇ ਪਾਠਦਾਰ ਤੇ ਮੁਲਾਇਮ ਕਪੜੇ ਦੇ ਹੋਣੇ ਚਾਹੀਦੇ ਹਨ। ਸਿਲਕ ਅਤੇ ਸਾਟਨ ਵਾਂਗ ਤਿਲਕਵੇਂ ਕਪੜੇ ਦੇ ਰੁਮਾਲੇ ਨਹੀਂ ਹੋਣੇ ਚਾਹੀਦੇ। ਇੱਕਲਾ ਰੁਮਾਲਾ ਸੰਤੋਖਣ ਹਿਤ ਰਖਣਾ ਬਿਲਕੁਲ ਯੋਗ ਨਹੀਂ।

(4)ਪ੍ਰਕਾਸ਼-ਦਰਸ਼ਨ-ਸੁਖਾਸਨ-

(ੳ) ਇਸ਼ਨਾਨ ਕਰ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਨਾ ਯੋਗ ਹੈ।

(ਅ) ਜੁਰਾਬਾਂ ਸਮੇਤ ਤਾਬਿਆ ਵਿਚ ਬੈਠਣਾ ਸਖ਼ਤ ਬੇਅਦਬੀ ਹੈ। ਪੰਜ-ਇਸ਼ਨਾਨਾ ਸੋਧ ਕੇ ਤਾਬਿਆ ਵਿਚ ਜਾਣਾ ਯੋਗ ਹੈ।

(ੲ) ਪ੍ਰਕਾਸ਼ ਕਰਨ ਤੋਂ ਪਹਿਲਾਂ ਅਧੀਨਗੀ ਸਹਿਤ ਖੜੇ ਹੋ ਕੇ ਸੰਖੇਪ ਅਰਦਾਸ ਕਰਨੀ ਜ਼ਰੂਰੀ ਹੈ, ਕਿਉਂਕਿ ਗੁਰ-ਹੁਕਮ ਹੈ :-

"ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥ (ਪੰਨਾ ੧੦੯੩)

(ਸ) ਅਰਦਾਸ ਉਪਰੰਤ ਪ੍ਰਕਾਸ਼ ਕਰਨ ਸਮੇਂ ਮਨ ਨੂੰ ਗੁਰ-ਚਰਨਾਂ ਵਿਚ ਜੋੜਨ ਹਿਤ ਬੇਨਤੀ ਦੇ ਸ਼ਬਦ ਪੜ੍ਹਨੇ ਚਾਹੀਦੇ ਹਨ। ਵਿਸ਼ੇਸ਼ ਕਰਕੇ ਹੇਠ ਲਿਖੇ ਸ਼ਬਦ ਪੜ੍ਹੇ ਜਾਂਦੇ ਹਨ:-

ਡੰਡਉਤਿ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ॥
ਡੋਲਨ ਤੇ ਰਾਖਹੁ ਪ੍ਰਭੂ, ਨਾਨਕ ਦੇ ਕਰਿ ਹਥ॥੧॥ (ਪੰਨਾ ੨੫੬)
ਧਨੰ ਸੁ ਵੇਲਾ ਜਿਤੁ ਦਰਸਨੁ ਕਰਣਾ॥ ਹਉ ਬਲਿਹਾਰੀ ਸਤਿਗੁਰ ਚਰਣਾ ॥੧॥
ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥ ਮਨੁ ਜੀਵੈ ਪ੍ਰਭ ਨਾਮੁ ਚਿਤੇਰੇ॥੧॥ਰਹਾਉ॥
ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ॥੨॥
ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ॥ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ॥੩॥
ਤੁਮ ਮਿਹਰਵਾਨ ਦਾਸ ਹਮ ਦੀਨਾ॥ ਨਾਨਕ ਸਾਹਿਬੁ ਭਰਪੁਰਿ ਲੀਣਾ॥੪॥੨॥ (ਪੰਨਾ ਪ੬੨)
ਧੰਨ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ, ਜਿਤੁ ਡਿਠਾ ਗੁਰ ਦਰਸਾਰੁ॥... (ਪੰਨਾ ੯੫੮)
ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ॥
ਕਾਮ, ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ॥
ਸਦਾ ਸੁਖੁ ਮਨਿ ਵਸੈ, ਦੁਖੁ ਸੰਸਾਰਹ ਖੋਵੈ॥

ਗੁਰ ਨਵਨਿਧਿ ਦਰੀਆਉ, ਜਨਮ ਹਮ ਕਾਲਖ ਧੋਵੈ॥
ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ॥ (ਪੰਨਾ ੧੩੯੨)
ਹੋਵੈ ਸਿਫਤਿ ਖਸੰਮ ਦੀ ਨੂਰ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ॥ (ਪੰਨਾ ੯੬੭)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਜੇ ਬੀੜ ਕਿਸੇ ਹੋਰ ਕਮਰੇ ਵਿਚ ਹੋਵੇ ਤਾ ਉਥੋਂ ਪਾਲਕੀ ਵਿਚ ਜਾਂ ਸੀਸ ਉਤੇ ਚੁੱਕ ਕੇ ਸਤਿਕਾਰ ਸਹਿਤ ਲਿਆਉਣੀ ਚਾਹੀਦੀ ਹੈ। ਇਸੇ ਪ੍ਰਕਾਰ ਪ੍ਰਕਾਸ਼ ਕਰਨ ਸਮੇਂ ਰੁਮਾਲੇ ਖੋਲ੍ਹਣ ਉਪਰੰਤ ਬੀੜ ਨੂੰ ਸੀਸ ਉਪਰ ਚੁਕ ਲੈਣਾ ਚਾਹੀਦਾ ਹੈ। ਸੀਸ ਤੇ ਚੁਕਣ ਸਮੇਂ ਇਕ ਪਲਕ ਸੀਸ ਤੇ ਅਤੇ ਦੂਜੀ ਬੀੜ ਦੇ ਉਪਰ ਰਖਣੀ ਜ਼ਰੂਰੀ ਹੈ। ਬੀੜ ਨੂੰ ਸੀਸ ਤੇ ਚੁੱਕਣ ਦੀ ਥਾਂ ਸਟੂਲ ਜਾਂ ਧਰਤੀ ਤੇ ਰੱਖਣਾ ਗੁਰੂ ਸਾਹਿਬ ਦੀ ਨਿਰਾਦਰੀ ਕਰਨ ਤੁਲ ਹੈ।

(ਹ) ਰੁਮਾਲੇ ਨੂੰ ਪੱਤਰਿਆਂ ਵਿਚ ਨਹੀਂ ਦੇਣਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਕਈ ਵਾਰ ਪੱਤਰੇ ਮੁੜ ਕੇ ਫਟ ਜਾਂਦੇ ਹਨ। ਪਾਠ ਕਰਨ ਸਮੇਂ ਮੰਜੀ ਸਾਹਿਬ ਉਪਰ ਬਾਹਵਾਂ ਦੀ ਟੇਕ ਜਾਂ ਢਾਸਣਾ ਲਾਉਣਾ ਠੀਕ ਨਹੀਂ। ਪਾਠ ਕਰਨ ਸਮੇਂ ਬੀੜ ਵਿਚ ਕਾਗਜ਼ ਦੀਆਂ ਨਿਸ਼ਾਨਿਆਂ ਰਖਣੀਆਂ ਅਯੋਗ ਹਨ। ਇਸ ਕੰਮ ਲਈ ਨੋਟ ਬੁਕ ਮੰਜੀ ਸਾਹਿਬ ਦੇ ਹੇਠਾਂ ਜਾਂ ਜੇਬ ਵਿਚ ਰਖੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਉਤੇ ਸ਼ਲੀਲ, ਮਖਮਲ ਜਾਂ ਜ਼ੀਨ ਆਦਿ ਦੇ ਕਪੜੇ ਦੀ ਚੋਲੀ ਜ਼ਰੂਰ ਚੜ੍ਹਾਉਣੀ ਚਾਹੀਦੀ ਹੈ, ਜਿਸ ਨਾਲ ਬੀੜ ਦੀ ਜਿਲਦ ਦੀ ਸੰਭਾਲ ਰਹਿੰਦੀ ਹੈ।

(ਕ) ਬੀੜ ਦਾ ਪ੍ਰਕਾਸ਼ ਕਰਨ ਸਮੇਂ ਪੱਤਰਿਆਂ ਨੂੰ ਬੜੇ ਸਤਿਕਾਰ ਅਤੇ ਭੈ-ਭਾਵਨੀ ਸਹਿਤ ਦੋਹਾਂ ਹੱਥਾਂ ਨਾਲ ਪਰਤਾਉਣਾ ਚਾਹੀਦਾ ਹੈ। ਪਾਠ ਕਰਨ ਸਮੇਂ ਇਕ ਇਕ ਪੱਤਰਾ ਵੀ ਆਮ ਪੁਸਤਕਾਂ ਵਾਂਗ ਸਮਝ ਕੇ ਨਹੀਂ ਪਰਤਾਉਣਾ ਚਾਹੀਦਾ। ਜਾਗਤ-ਜੋਤਿ, ਹਾਜ਼ਰਾ-ਹਜ਼ੂਰ, ਜ਼ਾਹਿਰਾ-ਜ਼ਹੂਰ ਸਰਬ ਕਲਾ ਭਰਪੂਰ, ਸਮਝ ਕੇ ਸੇਵਾ ਕਰਨੀ ਚਾਹੀਦੀ ਹੈ।

(ਖ) ਪ੍ਰਕਾਸ਼ ਕਰਨ ਸਮੇਂ ਪੱਤਰਿਆਂ ਦੀ ਇਕਸਾਰ ਵੰਡ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਇਕ ਪਾਸੇ ਬਹੁਤ ਜ਼ਿਆਦਾ ਅਤੇ ਦੂਜੇ ਪਾਸੇ ਬਹੁਤ ਥੋੜੇ ਪੱਤਰੇ ਨਹੀਂ ਕਰਨੇ ਚਾਹੀਦੇ। ਦਰਸ਼ਨ ਸਮਾਪਤੀ ਉਪਰੰਤ ਇਸ ਗੱਲ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ।

(ਗ) ਪ੍ਰਕਾਸ਼ ਕਰਨ ਤੇ ਸਤਿਕਾਰ ਸਹਿਤ ਸੀਸ ਨਿਵਾਉਣਾ ਅਤੇ ਫ਼ਤਹ ਗਜਾਉਣੀ ਹਰੇਕ ਪ੍ਰਾਣੀ ਮਾਤਰ ਦਾ ਫ਼ਰਜ ਬਣਦਾ ਹੈ।

(ਘ) ਗੁਰੂ ਬਾਬਾ ਜੀ ਦੀ ਤਾਬਿਆ ਬੈਠਣ ਵਾਲਾ ਪ੍ਰੇਮੀ ਜੇ ਪਜਾਮੇ ਦੀ ਥਾਂ ਕਛਹਿਰਾ ਪਾ ਕੇ ਬੈਠੇ ਤਾਂ ਚੰਗਾ ਹੈ, ਪਰ ਇਹ ਕੋਈ ਪ੍ਰਮਾਣੀਕ ਮਰਯਾਦਾ ਨਹੀਂ ਹੈ, ਕਿਉਂਕਿ ਸਿੰਘਣੀਆਂ ਨੂੰ ਸਿਖ ਸਮਾਜ ਵਿਚ ਬਰਾਬਰ ਅਧਿਕਾਰ ਹਨ ਅਤੇ ਉਨ੍ਹਾਂ ਲਈ ਸਲਵਾਰ ਤੋਂ ਬਿਨਾਂ ਤਾਬਿਆ ਵਿਚ ਬੈਠਣਾ ਅਸੰਭਯ ਜਿਹਾ ਲਗਦਾ ਹੈ। ਸੋ ਸਵੱਛ ਪਜਾਮਾ ਜਾਂ ਸਲਵਾਰ ਹੋਣੀ ਯੋਗ ਹੈ।

(ਙ) ਗੁਰੂ ਮਹਾਰਾਜ ਦੀ ਤਾਬਿਆ ਬੈਠ ਕੇ ਪੈਰਾਂ ਨੂੰ ਹੱਥ ਲਾਉਣੇ ਠੀਕ ਨਹੀਂ। ਤੇ ਸਰੀਰਕ ਲੁੜੀਂਦੀ ਕਿਰਿਆ ਕਪੜੇ ਨਾਲ ਕਰਨੀ ਚਾਹੀਦੀ ਹੈ। ਸਾਵਧਾਨਤਾ ਸਹਿਤ ਬੈਠਣਾ ਚਾਹੀਦਾ ਹੈ।

(ਚ) ਰਾਗੀ ਸਿੰਘਾਂ ਲਈ ਅਸਥਾਨ, ਪ੍ਰਕਾਸ਼-ਅਸਥਾਨ ਨਾਲੋਂ ਕੁਝ ਨੀਵਾਂ ਹੋਣਾ ਚਾਹੀਦਾ ਹੈ। ਕੀਰਤਨੀਏ ਸਿੰਘਾਂ ਨੂੰ ਗੁਰੂ ਮਹਾਰਾਜ ਜੀ ਦੇ ਸੱਜੇ ਪਾਸੇ ਸਜਣਾ ਚਾਹੀਦਾ ਹੈ। ਸ਼ਸਤਰਧਾਰੀਆਂ ਨੂੰ ਕੀਰਤਨੀ ਸਿੰਘਾਂ ਦੇ ਸਨਮੁਖ, ਗੁਰੂ ਮਹਾਰਾਜ ਜੀ ਦੇ ਖੱਬੇ ਪਾਸੇ ਸਜਣ ਦੀ ਪੁਰਾਤਨ ਮਰਯਾਦਾ ਹੈ। ਇਸ ਮਰਯਾਦਾ ਦੇ ਦਰਸ਼ਨ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤੇ ਜਾ ਸਕਦੇ ਹਨ। ਦਸਤਾਰ ਤੋਂ ਬਿਨਾਂ ਛੋਟੇ ਬੱਚਿਆਂ ਨੂੰ ਅੱਗੇ ਬੈਠਣਾ ਯੋਗ ਨਹੀਂ। ਕੀਰਤਨੀ ਸਿੰਘਾਂ ਅਤੇ ਪ੍ਰਚਾਰਕਾਂ ਆਦਿ ਨੂੰ ਕੇਵਲ ਕੀਰਤਨ ਜਾਂ ਵਖਿਆਨ ਸਮੇਂ ਹੀ ਸਟੇਜ ਤੇ ਬੈਠਣਾ ਚਾਹੀਦਾ ਹੈ, ਉਸ ਤੋਂ ਉਪਰੰਤ ਛੇਤੀ ਹੀ ਸੰਗਤ ਵਿਚ ਸਜ ਜਾਣਾ ਯੋਗ ਹੈ।

(ਛ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤਕੀਏ ਆਸਣ ਲਾ ਕੇ ਬੈਠਣਾ ਗੁਰਮਤਿ ਵਿਰੁੱਧ ਹੈ, ਕਿਉਂਕਿ ਗੁਰਵਾਕ ਹੈ :-

'ਬੀਜਉ ਸੂਝੈ ਕੋ ਨਹੀ, ਬਹੈ ਦੁਲੀਚਾ ਪਾਇ'॥ (ਪੰਨਾ ੯੩੬)

ਇਸੇ ਪ੍ਰਕਾਰ ਹੀ ਗੁਰ-ਸੰਗਤ ਵਿਚ ਵੱਖਰਾ ਆਸਣ ਵਿਛਾ ਕੇ ਬੈਠਣਾ ਵੀ ਆਪਣੇ ਆਪ ਨੂੰ ਸੰਗਤ ਨਾਲੋਂ ਵੱਖਰਾ ਦਰਸਾਉਣ ਵਾਲੀ ਗੱਲ ਹੈ, ਇਹ ਸਭ ਹਉਮੈ ਦਾ ਕਾਰਨ ਹੈ।

(ਜ) ਦਿਨ ਨੂੰ ਕਿਸੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਕਰਨ ਵੇਲੇ ਸੋਹਿਲੇ ਦਾ ਪਾਠ ਕਰਨ ਦੀ ਕੋਈ ਮਰਯਾਦਾ ਨਹੀਂ, ਕੇਵਲ ਰਾਤ ਸਮੇਂ ਹੀ ਆਰਤੀ-ਸੋਹਿਲੇ ਦਾ ਪਾਠ ਕਰਨਾ ਉਚਿਤ ਹੈ।

(ਝ) ਸੁਖਾਸਨ ਸਮੇਂ ਸੋਹਣੇ ਤਰੀਕੇ ਨਾਲ ਅਦਬ ਸਤਿਕਾਰ ਸਹਿਤ ਰੁਮਾਲੇ ਲਪੇਟਣੇ ਚਾਹੀਦੇ ਹਨ ਅਤੇ ਵਿਚ ਵਟ ਨਹੀਂ ਰਹਿਣ ਦੇਣੇ ਚਾਹੀਦੇ।

(ਞ) ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਮਰਯਾਦਾ ਬੱਧੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੁਖਾਸਨ-ਅਸਥਾਨ ਵੱਖਰਾ ਹੋਵੇ। ਵੱਖਰੇ ਅਸਥਾਨ ਤੇ ਵੱਡਾ ਤੇ ਸੁੰਦਰ ਪਲੰਘ ਵਿਛਿਆ ਹੋਵੇ। ਪਲੰਘ ਨ ਹੋਣ ਦੀ ਹਾਲਤ ਵਿੱਚ ਅਲਮਾਰੀ ਜਾਂ ਸੰਦੂਕ ਆਦਿ ਵਿਚ ਅਦਬ ਸਤਿਕਾਰ ਸਹਿਤ ਪਲੰਘ ਵਾਂਗ ਬੀੜ ਟਿਕਾਉਣੀ ਚਾਹੀਦੀ ਹੈ। ਪਲੰਘ ਉਤੇ ਵੀ ਚੰਦੋਆ ਜਾਂ ਚਾਦਰ ਤਾਣ ਦੇਣੀ ਜ਼ਰੂਰੀ ਹੈ।

(ਟ) ਬੀੜ ਨੂੰ ਇਕ ਮਕਾਨ ਤੋਂ ਦੂਜੇ ਮਕਾਨ ਜਾਂ ਥਾਂ ਤੇ ਲੈ ਜਾਣ ਲਈ ਮੰਜੀ ਸਾਹਿਬ ਉਪਰ ਚੰਗੀ ਤੋਰ੍ਹਾਂ ਕਮਰਕਸਾ ਕਰਨਾ ਅਤੀ ਜ਼ਰੂਰੀ ਹੈ।

(ਠ) ਸੁਖਾਸਨ ਉਪਰੰਤ ਮੰਜੀ ਸਾਹਿਬ ਦੇ ਅਗੇ ਲਗਾ ਹੋਇਆ ਰੁਮਾਲਾ ਅਤੇ ਸ਼ਸਤਰ ਆਦਿ ਸਮੇਟ ਦੇਣੇ ਚਾਹੀਦੇ ਹਨ ਅਤੇ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਸ਼ਸਤਰਾਂ ਨੂੰ ਇਸ਼ਨਾਨ ਕਰਾ ਕੇ, ਸਾਫ਼ ਕਰ ਕੇ ਰੁਮਾਲਿਆਂ ਸਮੇਤ ਦੁਬਾਰਾ ਸਜਾਉਣਾ ਚਾਹੀਦਾ ਹੈ। ਮਹਾਰਾਜ ਦਾ ਉਪਰਲਾ ਰੁਮਾਲਾ, ਪਲੰਘ ਦੇ ਉਪਰਲੇ ਹਿਸੇ ਤਕ ਰਹਿਣਾ ਚਾਹੀਦਾ ਹੈ, ਹੇਠਾਂ ਪਾਵਿਆਂ ਤਕ ਨਹੀਂ ਕਰਨਾ ਚਾਹੀਦਾ ਤਾਂ ਜੁ ਤਾਬੇ ਬੈਠਣ ਵਾਲੇ ਦੇ ਪੈਰਾਂ ਨਾਲ ਲਗ ਕੇ ਬੇਅਦਬੀ ਦਾ ਕਾਰਨ ਨਾ ਬਣੇ।

(5) ਚੌਰ-

(ੳ) ਗੁਰੂ ਮਹਾਰਾਜ ਜੀ ਵਾਸਤੇ ਇਕ ਸੁੰਦਰ ਚੌਰ ਹੋਣਾ ਲਾਜ਼ਮੀ ਹੈ :-

ਵਡਾ ਤੇਰਾ ਦਰਬਾਰੁ, ਸਚਾ ਤੁਧੁ ਤਖਤੁ॥
ਸਿਰਿ ਸਾਹਾ ਪਾਤਿਸਾਹੁ, ਨਿਹਚਲੁ ਚਉਰੁ ਛਤੁ॥ (ਪੰਨਾ ੯੬੪)

ਚੌਰ ਰੱਖਣ ਲਈ ਇਕ ਵੱਖਰਾ ਸਟੂਲ ਜਾਂ ਚੌਕੀ ਆਦਿ ਹੋਣੀ ਚਾਹੀਦੀ ਹੈ, ਤਾਂ ਜੁ ਤਾਬਿਆ ਬੈਠਣ ਵਾਲੇ ਦੇ ਪੈਰਾਂ ਨਾਲ ਨ ਲੱਗੇ।

(ਅ) ਚੌਰ ਖੜੇ ਹੋ ਕੇ ਕਰਨ ਦਾ ਯਤਨ ਕਰਨਾ ਚਾਹੀਦਾ ਹੈ, ਕਿਉਂਕਿ ਪੁਰਾਤਨ ਸਿੰਘ ਇਸੇ ਪ੍ਰਕਾਰ ਹੀ ਕੀਤਾ ਕਰਦੇ ਸਨ।

(ੲ) ਚੌਰ ਪਿਛਲੇ ਪਾਸੇ ਜਾਂ ਸੱਜੇ ਖੱਬੇ ਖੜੋ ਕੇ ਕਰਨਾ ਚਾਹੀਦਾ ਹੈ। ਕਈ ਵੀਰ ਅਤੇ ਭੈਣਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਦੇ ਅੱਗੋਂ ਦੀ ਪਰਕਰਮਾ ਕਰਦੇ ਹੋਏ ਚੌਰ ਕਰਦੇ ਹਨ, ਜੋ ਠੀਕ ਨਹੀਂ ਹੈ।

(ਸ) ਪਾਲਕੀ ਹੋਣ ਦੀ ਸੂਰਤ ਵਿਚ ਚੌਰ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਪਾਲਕੀ ਕੇਵਲ ਗੁਰੂ ਸਾਹਿਬ ਦੀ ਸਵਾਰੀ ਲਿਜਾਣ ਵਾਸਤੇ ਹੀ ਬਣਾਈ ਗਈ ਹੈ। ਇਸ ਲਈ ਪ੍ਰਕਾਸ਼ ਹਮੇਸ਼ਾਂ ਮੰਜੀ ਸਾਹਿਬ ਤੇ ਹੀ ਕੀਤਾ ਜਾਏ।

(ਹ) ਚੌਰ ਨੂੰ ਰੁਮਾਲਿਆਂ ਜਾਂ ਪੱਤਰਿਆਂ ਦੀ ਸਫ਼ਾਈ ਹਿਤ ਵਰਤਣਾ ਨਿਰੋਲ ਮਨਮਤਿ ਹੈ। ਇਸ ਸੇਵਾ ਲਈ ਇਕ ਵਾਧੂ ਸਾਫ਼ ਸੁਥਰਾ ਰੁਮਾਲਾ ਰਖ ਲਵੋ।

(ਕ) ਚੌਰ ਸਾਹਿਬ ਦੇ ਮੁੱਠੇ ਮਜ਼ਬੂਤ ਹੋਣ ਚਾਹੀਦੇ ਹਨ, ਕਿਉਂਕਿ ਮੋਰਾਂ ਦੇ ਖੰਭਾਂ ਵਾਲੇ ਚੌਰ ਛੇਤੀ ਟੁਟ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਪੰਖੜੀਆਂ ਪੈਰਾਂ ਵਿਚ ਰੁਲਦੀਆਂ ਰਹਿੰਦੀਆਂ ਹਨ।


www.AKJ.Org

# ਗੁਰਬਾਣੀ ਸ਼ੁੱਧ ਉਚਾਰਣ

ਡਾ. ਮਾਲਿਕ ਸਿੰਘ ਮੈਗਨੈਟੋਥਰਾਪਿਸਟ ਮੁਹਾਲੀ

(ਔਕੜ ਅਤੇ ਸਿਹਾਰੀ ਦੀ ਮਹਾਨਤਾ)

ਧੰਨ ਸ੍ਰੀ ਗੁਰੂ ਗ੍ਰੰਥ ਜੀ ਹੀ ਇਕੋ ਇਕ ਐਸੀ ਮਹਾਨ ਸਾਹਿਤਕ, ਅਨੁਭਵੀ ਗਿਆਨ/ਅਧਿਆਤਮਕ ਗਿਆਨ ਦੀ ਰਚਨਾ ਹੈ ਜਿਸ ਦੀ ਐਸੇ ਅਲੌਕਿਕ ਅਤੇ ਅਸਚਰਜ ਢੰਗ ਨਾਲ ਸੰਪਾਦਨਾ ਕੀਤੀ ਗਈ ਹੈ ਕਿ ਇਸ ਦੀ ਮਿਸਾਲ ਕੇਵਲ ਅਤੇ ਕੇਵਲ ਇਹ ਆਪ ਹੀ ਹਨ। ਇਸ ਦੀ ਰਚਨਾਂ ਦੀਆਂ ਮਹਾਨ ਵਿਸ਼ੇਸ਼ਤਾਵਾਂ ਵਿੱਚੋਂ ਇਕ ਇਹ ਭੀ ਵਿਲਖਣਤਾ ਹੈ ਕਿ ਸ਼ਬਦਾਂ ਦੇ ਅੰਤਲੇ ਅੱਖਰ ਨਾਲ ਔਕੁੜ, ਸਿਹਾਰੀ ਵਰਤ ਕੇ ਜਾਂ ਇਸ ਨੂੰ ਮੁਕਤਾ ਰੱਖ ਕੇ ਸ਼ਬਦ ਦੇ ਗੁੱਝੇ ਭੇਦ ਨੂੰ ਇਸ ਵਿਚ ਲੁਪਤ ਰੱਖ ਕੇ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦਿਤਾ ਗਿਆ ਹੈ। ਜਿਥੇ ਇਹ ਲਗਾਂ-ਮਾਤ੍ਰਾਂ ਅਰਥ ਭੇਦ ਨੂੰ ਖੋਲ੍ਹਦੀਆਂ ਹਨ ਉਥੇ ਇਹ ਸ਼ਬਦਾਂ ਨੂੰ ਪਦ ਛੇਦ ਕਰ ਕੇ ਪੜ੍ਹਨ ਵਿੱਚ ਵੀ ਸਹਾਇਕ ਹੁੰਦੀਆਂ ਹਨ।

ਗੁਰਬਾਣੀ ਵਿਚ ਆਏ ਕਈ ਸ਼ਬਦਾਂ ਤੇ ਪ੍ਰਚੱਲਤ ਵਿਆਕਰਨ ਦਾ ਇਹ ਨਿਯਮ ਕਿ ਇਹ ਲਗਾਂ ਮਾਤ੍ਰਾ ਇਕ ਵਚਨ ਜਾਂ ਬਹੁ ਵਚਨ ਲਖਾਉਂਦੀਆਂ ਹਨ, ਇਹ ਨਿਯਮ ਲਾਗੂ ਨਹੀਂ ਹੁੰਦਾ। ਇਸ ਲਈ ਜੇ ਕਰ ਜਗਿਆਸੂ ਗੁਰਬਾਣੀ ਨਿਯਮਾਵਲੀ ਨੂੰ ਗੁਰਬਾਣੀ ਵਿੱਚ ਹੀ ਲੱਭਣ/ਢੂੰਢਨ ਦਾ ਯਤਨ ਕਰੇ ਤਾ ਸ਼ਬਦਾਂ ਦੇ ਅਰਥ ਸਮਝਣ ਵਿੱਚ ਟਪਲਾ ਜਾਂ ਭੁਲੇਖਾ ਖਾਣ ਤੋਂ ਬਚ ਸਕਦਾ ਹੈ।

(ੳ) ਲਗਾਂ ਮਾਤ੍ਰਾਂ ਦਾ ਪਦਛੇਦ ਕਰਨ ਵਿੱਚ ਸਹਾਇਕ ਹੋਣਾ:

ਗੁਰਬਾਣੀ ਦੀ ਮੁਢੱਲੀ ਰਚਨਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੁਰਾਤਨ ਲਿਖਤਾਂ, ਪੋਥੀਆਂ ਆਦਿ ਜੁੜੱਤ ਸਰੂਪ ਅਥਵਾ ਲੜੀਦਾਰ ਸਰੂਪ ਵਿੱਚ ਹੀ ਕੀਤੀਆਂ ਗਈਆਂ ਸਨ। ਇਸ ਸਰੂਪ ਤੋਂ ਪਾਠ ਕਰਨ ਵਿਚ ਲਗਾਂ-ਮਾਤ੍ਰਾਂ ਕਿਵੇਂ ਸਹਾਇਕ ਹੁੰਦੀਆਂ ਹਨ ਉਹਨਾਂ ਦੇ ਕੁਝ ਉਦਾਹਰਣ ਥੱਲੇ ਦਿੱਤੇ ਜਾ ਰਹੇ ਹਨ:

(1) ਐਸਾਨਾਮੁਰਤਨੁਨਿਰਮੋਲਕੁਪੁੰਨਿਪਦਾਰਥੁਪਾਇਆ। (ਜੁੜਤ ਸਰੂਪ)
ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥ (ਪਦ ਛੇਦ-ਸਰੂਪ) (੬੫੯)

(੨) ਅਲਾਹੁਅਲਖੁਅਗੰਮੁਕਾਦਰੁਕਰਣਹਾਰਕਰੀਮੁ।। (ਜੁੜਤ)
ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।। (ਪਦ ਛੇਦ) (੬੪)

(3) ਲਾਖਕਰੋਰੀਬੰਧੁਨਪਰੈ। (ਜੁੜਤ)
ਲਾਖ ਕਰੋਰੀ ਬੰਧੁ ਨ ਪਰੈ (ਪਦ ਛੇਦ ਬੰਧੁ ਅਤੇ ਨ ਵਖਰਾ ਉਚਾਰਨ (੨੬੪)

(4) ਕਾਗਦਕੋਟੁਇਹੁਜਗੁਹੈਬਪਰੋਰੰਗਨਿਚਿਹਨਚਤੁਰਾਈ।। (ਜੁੜਤ)
ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ (ਪਦ ਛੇਦ)

ਸ਼ਬਦ ਦੇ ਅੰਤਲੇ ਅੱਖਰ ਨਾਲ ਔਕੜ ਦੇ ਉਦਾਹਰਣ

ਹੁਣ ਗੁਰਬਾਣੀ ਚੋਂ ਕੁਝ ਉਹ ਪੰਕਤੀਆਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਸ਼ਬਦ ਦੇ ਅੰਤਲੇ ਅੱਖਰ ਨਾਲ ਲੱਗੀ ਔਕੁੜ ਕੇਵਲ ਪਦਛੇਦ ਕਰ ਕੇ ਉਚਾਰਨ ਵਿੱਚ ਮਦਦ ਨਹੀਂ ਕਰਦੀ ਸਗੋਂ ਸਹੀ ਪਦ ਛੇਦ ਕਰਕੇ ਪਾਠ ਕਰਨ ਨਾਲ ਅਰਥਾਂ ਵਿੱਚ ਟਪਲਾ ਪੈਣ ਤੋਂ ਭੀ ਬਚਾਉਂਦੀ ਹੈ ਇਹ ਨਿਯਮ ਗੁਰਬਾਣੀ 'ਚੋਂ ਹੀ ਲਭਿਆ ਜਾ ਸਕਦਾ ਹੈ ਜਿਸ ਸ਼ਬਦ ਦੇ ਅੰਤਲੇ ਅੱਖਰ ਨਾਲ ਔਕੁੜ ਲਗਿਆ ਹੁੰਦਾ ਹੈ ਤੇ ਉਸ ਤੋਂ ਅਗੇ ਨੱਨਾ (ਨ) ਮੁਕਤਾ ਆ ਜਾਏ ਤਾਂ ਇਹ ਨੰਨਾ ਵੱਖਰਾ ਉਚਾਰਨ ਕਰ ਕੇ ਪੜ੍ਹਨ ਨਾਲ ਹੀ ਸਹੀ ਅਰਥ ਬਣਦੇ ਹਨ। ਗੁਰਬਾਣੀ ਪ੍ਰਮਾਣ :

ਹਰਿ ਜਨੁ ਰਾਮ ਨਾਮ ਗੁਨੁ ਗਾਵੈ।।
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ।। (੭੧੯)


www.AKJ.Org

ਇਸ ਪੰਕਤੀ ਵਿੱਚ ਗੁਨੁ ਦੇ ਅਗੇ ਨੰਨਾ (ਨ) ਮੁਕਤਾ ਹੈ ਅਤੇ ਗੁਨੁ ਦੇ ਨੰਨੇ ਥਲੇ ਔਕੁੜ ਲਗੀ ਹੈ। ਗੁਰਬਾਣੀ ਵਿਆਕਰਣ ਅਨੁਸਾਰ ਗੁਨੁ ਅਤੇ ਨੱਨਾ (ਨ) ਵੱਖਰਾ ਵੱਖਰਾ ਉਚਾਰਣ ਕਰਨ ਨਾਲ ਹੀ ਸਹੀ ਅਰਥ ਕੀਤੇ ਜਾ ਸਕਦੇ ਹਨ। ਗੁਨੁ ਦੇ ਨੱਨੇ ਥੱਲੇ ਲੱਗੀ ਔਕੁੜ ਇਕ ਵਚਨ ਦੀ ਲਖਾਇਕ ਹੈ ਇਸ ਪੰਕਤੀ ਦੇ ਭਾਵ ਅਰਥ ਇਹ ਬਣਦੇ ਹਨ ਕਿ ਗੁਰਮਖਿ ਜਗਿਆਸੂ ਹਰੀਜਨ ਪ੍ਰਭੂ ਦਾ ਗੁਨ, ਨਾਮ ਜਪਨ ਵਾਲਾ ਸਰਬੋਤਮ ਗੁਨ, ਨਾਮ ਸਿਮਰਨ ਵਾਲੇ ਸੁਭਾਵ ਨੂੰ ਨਾ ਛੱਡੇ ਚਾਹੇ ਕੋਈ ਨਿੰਦਕ ਉਸ ਦੀ ਕਿਤਨੀ ਭੀ ਨਿੰਦਿਆ ਕਰੇ ਉਸ ਨੂੰ ਬੁਰਾ ਭਲਾ ਕਹੇ। ਇਸੇ ਭਾਵ ਅਰਥ ਵਾਲੀ ਇਕ ਹੋਰ ਭਗਤ ਕਬੀਰ ਦਾਸ ਜੀ ਦੀ ਪੰਕਤੀ ਇਸ ਤਰ੍ਹਾਂ ਹੈ:

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪ (ਪੰਨਾ ੧੩੭੩)

ਉਪਰੋਕਤ ਦੋਨੋਂ ਪ੍ਰਮਾਣਾਂ "ਗੁਨੁ ਨ ਗਵਾਵੈ" ਅਤੇ 'ਸੰਤੁ ਨ ਛਾਡੈ ਸੰਤਈ' ਇਕੋ ਭਾਵ ਦੇ ਅਰਥ ਹਨ ਤੇ ਗੁਨੁ ਨ ਅਤੇ ਸੰਤੁ, ਨ ਦੋਨੋਂ ਜਗਾਹ ਤੇ ਆਏ ਨੰਨੇ ਨੂੰ ਵਖਰਾ ਉਚਾਰਨ ਕਰਨਾ ਹੀ ਸਹੀ ਪਾਠ ਬਣਦਾ ਹੈ। ਉਪਰੋਕਤ ਪਦਛੇਦ ਕਰ ਕੇ ਪਾਠ ਕਰਨ ਦੇ ਨਿਯਮ ਨੂੰ ਸ਼ਪਸ਼ਟ ਕਰਨ ਲਈ ਗੁਰਬਾਣੀ ਚੋਂ ਕੁਝ ਹੋਰ ਪੰਕਤੀਆਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੇ ਅਰਥ ਭਾਵ ਪਾਠਕ ਜਨ ਖੁਦ ਹੀ ਵਿਚਾਰ ਸਕਦੇ ਹਨ :

(1) ਲਾਖ ਕਰੋਰੀ ਬੰਧੁ ਨ ਪਰੈ ॥ (੨੬੪)
(੨) ਸਤਿਗੁਰਿ ਰਾਖੇ ਬੰਧੁ ਨ ਪਾਈ ॥ (੪੧੬)
(3) ਮੰਨੈ ਮਗੁ ਨ ਚਲੈ ਪੰਥੁ ॥ (੩)
(4) ਚੰਦਨ ਚੰਦੁ ਨ ਸਰਦ ਰੁਤਿ (੭੦੯)
ਮੂਲਿ ਨ ਮਿਟਈ ਘਾਂਮ ॥
(5) ਰਾਜੁ ਨ ਚਾਹਉ ਮੁਕਤਿ ਨ ਚਾਹਉ (੫੩੪)
ਮਨਿ ਪ੍ਰੀਤਿ ਚਰਨ ਕਮਲਾਰੇ ॥
(6) ਅੰਤੁ ਨ ਪਾਵਤ ਦੇਵ ਸਬੈ, ਮੁ[illegible] ਇੰ[illegible] ਮ[illegible] ਸਿਵ ਜੋਗ ਕਰੀ ॥ (੧੪੦੯)
(7) ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ ॥ (੧੩੨੪)

ਉਪਰੋਕਤ ਸਭ ਪ੍ਰਮਾਣਾਂ ਵਿਚ ਬੰਧੁ ਅਤੇ ਨ, ਦਰਸੁ ਅਤੇ ਨ, ਮਗੁ ਅਤੇ ਨ, ਚੰਦੁ ਅਤੇ ਨ, ਰਾਜੁ ਅਤੇ ਨ, ਅੰਤੁ ਅਤੇ ਨ, ਪੰਕੁ ਅਤੇ ਨ ਅੱਡ ਉਚਾਰਣ ਕਰਨਾ ਹੀ ਸਹੀ ਪਾਠ ਉਚਾਰਨ ਬਣਦਾ ਹੈ।

ਇਸੇ ਤਰੀਕੇ ਨਾਲ ਹੋਰ ਭੀ ਅਨਗਿਣਤ ਪੰਕਤੀਆਂ ਗੁਰਬਾਣੀ ਵਿਚੋਂ ਇਸ ਨਿਯਮ ਦੀ ਪਰੋੜਤਾ ਲਈ ਲੱਭੀਆਂ ਜਾ ਸਕਦੀਆਂ ਹਨ।

੨. ਸ਼ਬਦ ਦਾ ਅੰਤਲਾ ਅੱਖਰ ਔਕੜ ਸਹਿਤ :

ਉਪਰੋਕਤ ਨਿਯਮ ਦੇ ਉਲਟ ਜੇ ਕਰ ਕਿਸੇ ਸ਼ਬਦ ਦੇ ਅੰਤਲੇ ਅੱਖਰ ਥਲੇ ਔਕੜ ਲਗੀ ਹੈ ਤਾਂ ਇਸ ਹਾਲਤ ਵਿਚ ਇਹ ਅੱਖਰ ਨਖੇੜ ਕੇ ਵੱਖਰਾ ਨਹੀਂ ਪੜ੍ਹਿਆ ਜਾ ਸਕਦਾ। ਇਹ ਜੁੜਤ ਸਬਦ ਪੜ੍ਹਨ ਨਾਲ ਹੀ ਸਹੀ ਸਾਰਥਕ ਸਬਦ ਬਣਦਾ ਹੈ। ਗੁਰਬਾਣੀ ਚੋਂ ਕੁਝ ਇਸ ਨਿਯਮ ਦੀ ਪ੍ਰੋੜ੍ਹਤਾ ਦੇ ਉਦਾਹਰਣਾਂ ਦੇ ਦਰਸ਼ਨ :

1. ਜੀਅ ਕਾ ਬੰਧਨੁ ਕਰਮੁ ਬਿਆਪੈ ॥
੨. ਗੁਰ ਕਾ ਦਰਸਨੁ ਅਗਮ ਅਪਾਰਾ॥ (੩੬੧)
3. ਮਾਇਆ ਮਗਨੁ ਨਰਕਿ ਲੈ ਜਾਈ ॥ (੧੯੬)
4. ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ (੧੪੩) (ਬਾਕੀ ਪੰਨਾ ੪੦ ਤੇ... )


www.AKJ.Org

# ਗੁਰੂ ਕੌਣ ਤੇ ਕਿਸ ਤਰ੍ਹਾਂ ?

(ਗੁਰਮਤਿ ਪ੍ਰਚਾਰ ਸਭਾ, ਪਟਿਆਲਾ)

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਸਮੇਂ ਕਹੇ ਸ਼ਬਦ "ਬਾਬਾ ਬਕਾਲੇ" ਸੁਣ ਕੇ ਬਕਾਲੇ ਨਗਰ ਵਿਚ ੨੨ ਗੁਰੂ ਬਣ ਬੈਠੇ ਸਨ ਅਤੇ ਹਰ ਇਕ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਿਆ ਸੀ। ਪਰ ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ ਹਨੇਰਾ ਅਲੋਪ ਹੋ ਜਾਂਦਾ ਹੈ ਅਤੇ ਤਾਰੇ ਛਿਪ ਜਾਂਦੇ ਹਨ, ਇਸੇ ਤਰ੍ਹਾਂ ਹੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਨਾਲ ਆਪੂੰ ਬਣੇ ਹੋਏ ੨੨ ਗੁਰੂਆਂ ਦੇ ਬੋਰੀਏ ਬਿਸਤਰੇ ਗੋਲ ਹੋਣ ਲਗ ਪਏ ਅਤੇ ਅੰਤ ਕਿਸੇ ਦਾ ਨਾਂ ਨਿਸ਼ਾਨ ਨਹੀਂ ਸੀ ਰਿਹਾ।

ਪਰ ਅੱਜ ਸਾਡੇ ਸਿੱਖ ਸਮਾਜ ਵਿਚ ਅਸਲ ਗੁਰੂ ਜੀ ਦੀ ਮੌਜੂਦਗੀ ਵਿਚ ੨੨ ਦੀ ਥਾਂ ਲਗਭਗ ੨੦੦ ਗੁਰੂ ਬਣੀ ਬੈਠੇ ਹਨ।

ਉਸ ਵੇਲੇ ਇੱਕ ਮੱਖਣ ਸ਼ਾਹ ਨੇ ਸਭ ਪਖੰਡੀ ਗੁਰੂਆਂ ਨੂੰ ਛੱਡ ਕੇ ਗੁਰੂ ਤੇਗ਼ ਬਹਾਦਰ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨੌਵਾਂ ਰੂਪ ਜਾਣਿਆ ਸੀ ਤੇ ਕੋਠੇ ਉਤੇ ਚੜ੍ਹਕੇ "ਗੁਰੂ ਲਾਧੋ ਰੇ" ਦਾ ਹੋਕਾ ਦਿੱਤਾ ਸੀ, ਜਿਸ ਦਾ ਸਦਕਾ ਸਾਰੇ ਸਿੱਖ ਜਗਤ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਸੀ ਤੇ ਫਿਰ ਉਨ੍ਹਾਂ ੨੨ ਪਖੰਡੀਆਂ ਦੇ ਮਗਰ ਕੋਈ ਨਹੀਂ ਸੀ ਲੱਗਾ।

*ਪਰ ਅਜ, ਇੱਕ ਨਹੀਂ ਸਗੋਂ ਸੈਂਕੜੇ ਭਾਈ ਮਖਣ ਸ਼ਾਹ ਵਰਗੇ ਗੁਰੂ ਕੇ ਸ਼ਰਧਾਲੂ ਸਿੱਖ, ਉਚੀ ਉਚੀ ਹੋਕਾ ਦੇ ਕੇ, ਅਸਲ ਗੁਰੂ ਬਾਰੇ ਦੱਸ ਰਹੇ ਹਨ। ਇਤਿਹਾਸ ਵੀ ਦੱਸ ਰਿਹਾ ਹੈ ਪਰ ਸਾਡੇ। ਹਜ਼ਾਰਾਂ ਨਹੀਂ ਸਗੋਂ ਲੱਖਾਂ ਲੋਕਾਂ ਦੇ ਕੰਨਾਂ ਤੇ ਜੂੰ ਵੀ ਨਹੀਂ ਸਰਕਦੀ। ਸਾਡੇ ਵਿਚੋਂ ਬਹੁਤ ਸਾਰੇ ਲੋਕ ਮੁੜ ਮੁੜ ਕੱਚੇ ਪਿੱਲੇ ਆਪੂੰ ਬਣੇ ਪਖੰਡੀ ਗੁਰੂਆਂ ਦੇ ਮਗਰ ਲੱਗ ਤੁਰਦੇ ਹਨ ਤੇ ਅਸਲ ਗੁਰੂ ਦੀਆਂ ਦੱਸੀਆਂ ਗੱਲਾਂ ਭੁਲਦੇ ਜਾ ਰਹੇ ਹਨ।*

**ਅਸਲ ਗੁਰੂ ਕਿਹੜਾ ਹੈ ?**

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਿੱਧਾਂ ਨੇ ਪੁਛਿਆ ਸੀ-

ਕਵਣ ਮੂਲ, ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ ॥

ਭਾਵ- ਸਿਖਿਆ ਲੈਣ ਦਾ ਮੂਲ ਕੀ ਹੈ ਅਤੇ ਸਮਾਂ ਕਿਹੜਾ ਹੈ? ਤੂੰ ਕਿਹੜੇ ਗੁਰੂ ਦਾ ਚੇਲਾ ਹੈਂ?

ਗੁਰੂ ਜੀ ਨੇ ਉਤਰ ਦਿੱਤਾ ਸੀ-

ਪਵਨ ਅਰੰਭੁ, ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

ਗੁਰੂ ਜੀ ਨੇ ਉਤਰ ਦੇਂਦਿਆਂ ਕਿਹਾ ਸੀ ਕਿ ਮਨੁੱਖ ਦੀ ਹੋਂਦ (ਹਸਤੀ) ਦਾ ਮੁਢ ਪਵਨ (ਪ੍ਰਾਣ) ਹੈ ਅਤੇ ਇਹ ਮਨੁੱਖਾ ਜਨਮ ਹੀ ਐਸਾ ਸਮਾਂ ਹੈ ਜਿਸ ਵਿਚ ਸਤਿਗੁਰ ਦੀ ਸਿਖਿਆ ਲਈ ਜਾ ਸਕਦੀ ਹੈ। ਸ਼ਬਦ ਗੁਰੂ ਹੈ ਅਤੇ ਸੁਰਤਿ ਦਾ ਉਸ ਉਤੇ ਟਿਕਾਉ ਹੀ 'ਸ਼ਬਦ ਗੁਰੂ' ਦਾ ਸਿੱਖ (ਚੇਲਾ) ਹੈ।

ਇਸ ਸ਼ਬਦ ਸੁਰਤਿ ਦੀ ਰੱਖੀ ਹੋਈ ਨੀਂਹ ਨੂੰ ਦਸਾਂ ਪਾਤਸ਼ਾਹੀਆਂ ਨੇ ਸਮੇਂ ਸਮੇਂ ਦ੍ਰਿੜ੍ਹ ਕਰਾਇਆ ਅਤੇ ਦੇਹ (ਸਰੀਰ) ਅਭਿਮਾਨ ਨੂੰ ਉਕਾ ਹੀ ਖ਼ਤਮ ਕਰਕੇ ਅੰਤ 'ਸ਼ਬਦ-ਗੁਰੂ' ਨੂੰ ਪ੍ਰਧਾਨਤਾ ਦੇ ਦਿੱਤੀ ਸੀ।

ਹਿੰਦੂ ਵੀਰ ਕਹਿੰਦੇ ਹਨ

"ਬੋਲ ਕ੍ਰਿਸ਼ਨ ਭਗਵਾਨ ਕੀ ਜੈ" ਜਾਂ "ਬੋਲ ਸੀਤਾ ਪਤੀ ਰਾਮ ਚੰਦਰ ਕੀ ਜੈ"। ਪਰ ਕਦੇ ਕਿਸੇ ਸਿੱਖ ਨੇ ਇਹ ਨਹੀਂ ਕਿਹਾ, ਬੋਲ ਗੁਰੂ ਨਾਨਕ ਦੇਵ ਜੀ ਕੀ ਜੈ ਜਾਂ ਬੋਲ ਗੁਰੂ ਗੋਬਿੰਦ ਸਿੰਘ ਜੀ ਕੀ ਜੈ। ਇਸ ਦਾ ਕੀ ਕਾਰਨ ਹੈ ?

ਇਸ ਦਾ ਕ਼ਾਰਨ ਇਹ ਹੈ ਕਿ "ਪਾਰਬ੍ਰਹਮ ਗੁਰ ਨਾਹੀ ਭੇਦ" ਅਤੇ "ਆਪ ਨਾਰਾਇਣ ਕਲਾਧਾਰਿ ਜਗ਼ਿ ਮਹਿ ਪਰਵਰਿਓ" ਅਨੁਸਾਰ ਦਸ ਗੁਰੂ ਸਾਹਿਬਾਨ ਭਾਵੇਂ ਆਪ ਰਬ ਰੂਪ ਹੀ ਸਨ ਪਰ ਉਨ੍ਹਾਂ ਸਾਨੂੰ



www.AKJ.Org

ਸਿੱਖਾਂ ਨੂੰ ਆਪਣੇ ਲੜ ਨਹੀਂ ਲਾਇਆ, ਸਗੋਂ ਉਸ ਅਕਾਲ ਪੁਰਖ ਦੇ ਲੜ ਲਾਇਆ ਜਿਸ ਨੂੰ ਉਹ ਆਪ, ਆਪਣਾ ਗੁਰੂ ਮੰਨਦੇ ਸਨ।

ਜੇ ਉਨ੍ਹਾਂ ਸਾਨੂੰ ਆਪਣਾ ਲੜ ਲਾਇਆ ਹੁੰਦਾ ਤਾਂ ਅਸੀਂ ਵੀ ਜ਼ਰੂਰ ਕਹਿੰਦੇ ਕਿ ਬੋਲ ਗੁਰੂ ਗੋਬਿੰਦ ਸਿੰਘ ਜੀ ਕੀ ਜੈ। ਮਹਾਰਾਜ ਇਸ ਨੂੰ ਹੋਰ ਸਪਸ਼ਟ ਕਰਦੇ ਹੋਏ ਕਹਿੰਦੇ ਹਨ-

ਖਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ ॥

ਭਾਵ- ਖਾਲਸਾ ਅਕਾਲ ਪੁਰਖ (ਪ੍ਰਮਾਤਮ) ਦੀ ਫੌਜ ਹੈ ਅਤੇ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਖਾਲਸਾ ਪ੍ਰਗਟ ਹੋਇਆ ਹੈ। ਇਸ ਤੋਂ ਸਪਸ਼ਟ ਹੋਇਆ ਕਿ ਅਸੀਂ ਖਾਲਸਾ ਅਖਵਾਉਣ ਵਾਲੇ ਉਸ ਅਕਾਲ ਪੁਰਖ ਦੇ ਹੀ ਪੁਜਾਰੀ ਹਾਂ ਜਿਸ ਦੇ ਹੁਕਮ ਨਾਲ ਅਸੀਂ ਪ੍ਰਗਟ ਹੋਏ ਹਾਂ ।

ਇਸ ਗੱਲ ਨੂੰ ਯਾਦ ਰੱਖਣ ਲਈ ਜਦ ਵੀ ਅਸੀਂ ਇੱਕ ਦੂਜੇ ਨੂੰ ਮਿਲਦੇ ਹਾਂ ਤਾਂ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਕਹਿ ਕੇ ਦੁਹਰਾਉਂਦੇ ਹਾਂ ਅਤੇ ਪਕਾਉਂਦੇ ਹਾਂ ਕਿ ਅਸੀਂ ਇੱਕ ਅਕਾਲ ਪੁਰਖ (ਵਾਹਿਗੁਰੂ) ਦੇ ਹੀ ਹਾਂ, ਹੋਰ ਕਿਸੇ ਦੇ ਨਹੀਂ।

ਦੂਜੀ ਗੱਲ

ਗੁਰੂ ਨਾਨਕ ਪਾਤਸ਼ਾਹ ਆਪਣੇ ਗੁਰੂ ਬਾਰੇ ਆਪ ਪੰਨਾ ੭੫੯ ਉਤੇ ਸਪਸ਼ਟ ਕਰ ਗਏ ਹਨ-

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥

ਭਾਵ- ਮੇਰਾ ਸੱਚਾ ਗੁਰੂ (ਪ੍ਰਮਾਤਮਾ) ਸਦਾ (ਹਮੇਸ਼ਾ) ਰਹਿਣ ਵਾਲਾ ਹੈ। ਉਹ ਜਨਮ ਮਰਨ ਵਿਚ ਨਹੀਂ ਆਉਂਦਾ। ਉਹ ਨਾਸ਼ ਰਹਿਤ ਹੈ। ਭਾਵ- ਕਦੇ ਮਰਦਾ ਜਾਂ ਖਤਮ ਨਹੀਂ ਹੁੰਦਾ ਅਤੇ ਸਾਰਿਆਂ ਵਿਚ ਸਮਾਇਆ ਹੋਇਆ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਪੁਰਖ ਦੇ ਹੁਕਮ ਜਾਂ ਉਸਦੀ ਮਰਜ਼ੀ ਆਮ ਮਨੁੱਖ ਤਕ ਕਿਵੇਂ ਪਹੁੰਚ ਸਕਦੀ ਹੈ, ਜਦ ਕਿ ਰੱਬ ਤਾਂ ਨਿਰਾਕਾਰ ਹੈ। ਉਸ ਦੀ ਕੋਈ ਸ਼ਕਲ ਸੂਰਤ ਨਹੀਂ, ਕੋਈ ਚਿਹਨ ਚੱਕਰ ਨਹੀਂ। ਫੇਰ ਉਹ ਉਪਦੇਸ਼ ਕਿਸ ਤਰ੍ਹਾਂ ਦੇ ਸਕਦਾ ਹੈ।

ਇਹ ਭੇਦ ਵੀ ਗੁਰੂ ਸਾਹਿਬ ਆਪ ਖੋਲ੍ਹ ਗਏ ਹਨ। ਉਹ ਕਹਿ ਗਏ ਹਨ-

- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਓ ਜੀਓ
- ਨਾਨਕ ਬੋਲੈ ਤਿਸਕਾ ਬੁਲਾਇਆ ॥
- ਜੈਸੀ ਮੈ ਆਵਹਿ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ

ਭਾਵ- ਗੁਰੂ ਨਾਨਕ ਦੇਵ ਜੀ ਉਸ ਪ੍ਰਭੂ ਦੇ ਬੋਲਾਏ ਹੋਏ ਹੀ (ਬਾਣੀ) ਬੋਲ ਰਹੇ ਹਨ।

ਇਹੋ ਜਿਹੀਆਂ ਗੁਰਬਾਣੀ ਦੀਆਂ ਅਨੇਕ ਪੰਗਤੀਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਜੋ ਕੁਝ ਅਕਾਲ ਪੁਰਖ ਨੇ ਗੁਰੂ ਸਾਹਿਬਾਂ ਤੋਂ ਅਖਵਾਇਆ, ਗੁਰੂ ਸਾਹਿਬਾਂ ਨੇ ਉਹੋ ਕੁਝ ਕਿਹਾ (ਅਤੇ ਉਸ ਅਨੁਸਾਰ ਕੀਤਾ) ।

ਜਨਮ ਸਾਖੀ ਵਿਚ ਵੀ ਲਿਖਿਆ ਹੈ ਕਿ ਜਦ ਮਹਾਰਾਜ ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਵਲੋਂ ਬਾਣੀ ਆਉਂਦੀ ਸੀ ਤਾਂ ਆਪ ਜੀ ਮਰਦਾਨੇ ਨੂੰ ਕਹਿੰਦੇ ਸਨ।

ਮਰਦਾਨਿਆਂ । ਵਜਾ ਰਬਾਬ ॥ ਬਾਣੀ ਆਈ ਹੈ ।

ਇਸ ਤੋਂ ਸਾਫ ਸਪਸ਼ਟ ਹੋਇਆ ਕਿ ਗੁਰੂ ਸਾਹਿਬਾਨ ਅਕਾਲ ਪੁਰਖ ਸਿਰਜਨਹਾਰ ਵਲੋਂ ਮਿਲਿਆ ਉਪਦੇਸ਼ ਬਾਣੀ ਰਾਹੀਂ ਪ੍ਰਗਟ ਕਰਦੇ ਸਨ ਜਾਂ ਇਉਂ ਕਹੋ, ਅਕਾਲ ਪੁਰਖ ਜੋ ਸਾਡਾ ਮਹਾਨ ਗੁਰੂ ਹੈ, ਉਸ ਦੇ ਉਪਦੇਸ਼ ਗੁਰੂਆਂ ਰਾਹੀਂ ਪ੍ਰਗਟ ਹੋਏ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਕੱਠੇ ਕੀਤੇ ਗਏ। ਗੁਰੂ ਅਤੇ ਉਸਦੇ ਉਪਦੇਸ਼ ਇਕੋ ਗੱਲ ਹੁੰਦੀ ਹੈ। ਇਸੇ ਲਈ ਗੁਰੂ ਉਪਦੇਸ਼ (ਗੁਰਬਾਣੀ) ਸਾਡਾ ਗੁਰੂ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ॥
ਗੁਰਬਾਣੀ ਕਹੈ, ਸੇਵਕ ਜਨ ਮਾਨੈ, ਪਰਤਖਿ ਗੁਰੂ ਨਿਸਤਾਰੇ॥



www.AKJ.Org

# ਸੰਗੀਤ-ਰਸ ਅਤੇ ਕੀਰਤਨ-ਰਸ

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉਚਾ ਹੋਵੇ, ਫੇਰ ਵੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉਚਾ ਰਸ ਹੈ, ਪਰ ਹੈ ਤਾਂ ਸਰੀਰਕ ਵਿਸ਼ੈਲੀ ਰਸ ਹੀ ਨਾ । ਆਮ ਬਾਜੇ ਗਾਜੇ ਗਨਿਕਾ-ਗਤੰਤਰੀ ਰਸਾਂ ਵਾਲਾ ਸੰਗੀਤ-ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ ਜੈਸੇ ਕਿ ਥਿਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆਂ ਸਚੇ ਵਿਸਮਾਦ ਰੰਗਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦੇ ਅਚਾਨਕ ਝਲਕਾ ਵਜਣ ਤੋਂ ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਊਰਧ-ਗਾਮੀ ਹੋ ਜਾਣ ਤੋਂ, ਜਾਂ ਸੰਗੀਤ ਆਦਿ ਦੇ ਪ੍ਰਭਾਵ ਤੋਂ ਗੁਰਮਤਿ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ-

ਸਭਨਾ ਰਾਗਾਂ ਵਿਚ ਸੋ ਭਲਾ ਭਾਈ, ਜਿਤੁ ਵਸਿਆ ਮਨਿ ਆਇ॥
ਰਾਗੁ- ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥ (ਪੰਨਾ ੧੪੨੩)

ਸੋ ਐਸਾ ਰਾਗ ਜਾਂ ਸੰਗੀਤ ਕੇਵਲ ਹਰਿ ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ-ਕੀਰਤਨ ਵਾਲੇ ਰਾਗ ਅਰਥਾਤ ਸ਼ਬਦ ਦੁਆਰਾ ਕੀਤੇ ਰਾਗ-ਨਾਦ ਹੀ ਸੋਹਣੇ ਹਨ।

ਰਾਗ ਨਾਦ ਸਬਦਿ ਸੋਹਣੇ, ਜਾ ਲਾਗੈ ਸਹਜਿ ਧਿਆਨੁ॥
(ਨਹੀਂ ਤਾਂ) ਰਾਗ ਨਾਦ ਛੋਡਿ ਹਰਿ ਸੇਵੀਐ, ਤਾ ਦਰਗਹ ਪਾਈਐ ਮਾਨੁ॥ (ਪੰਨਾ ੮੪੯ )
ਪੁਨਾ- ਨ ਭੀਜੈ ਰਾਗੀ ਨਾਦੀ ਬੇਦਿ॥ (ਪੰਨਾ ੧੨੪੭)

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ-ਨਾਦ ਦੀ ਧੁਰੋਂ ਬਣੀ ਬਣਾਈ ਵਿਉਂਤ ਵਿਚ ਕੀਤਾ, ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

(ਪੁਸਤਕ 'ਗੁਰਮਤਿ ਲੇਖ' ਵਿਚੋਂ)

(ਪੰਨਾ ੧੨ ਦਾ ਬਾਕੀ ...)

ਸਾਰਾਂਸ਼, ਸਤਿਗੁਰੂ ਦੀ ਮਹਿਮਾ ਅਕਥਨੀਯ ਹੈ, ਜਿਸ ਦਾ ਕਥਨ ਭੱਟਾਂ ਨੇ ਸੀਮਾ ਅੰਦਰ ਹੀ ਕੀਤਾ ਹੈ। ਜੇ ਆਪ ਦਾ ਉਪਦੇਸ਼ ਹਿਰਦੇ ਨੂੰ ਵਿੰਨ੍ਹ ਕੇ ਮੋਮ ਬਣਾਉਣ ਦੀ ਕਲਾ ਵਰਤਾਉਂਦਾ ਸੀ, ਤਾਂ ਦਰਸ਼ਨ ਵਿਚ ਵੀ ਸਮੁੱਚੇ ਜੀਵਨ ਵਿੱਚ ਨਵੀਂ ਜ਼ਿੰਦਗੀ ਭਰਨ ਦੀ ਸ਼ਕਤੀ ਸੀ। ਹਜ਼ੂਰ ਦਾ ਦੀਦਾਰ ਕੀ ਸੀ, ਸੁੱਖਾਂ ਤੇ ਬਖਸ਼ਸ਼ਾਂ ਦਾ ਅਥਾਹ ਸਾਗਰ ਸੀ, ਜਿਸ ਵਿੱਚ ਰੰਗਲੇ ਗੁਰਮੁਖ ਸੱਜਣ ਇਸ਼ਨਾਨ ਕਰਕੇ ਆਪਣੇ ਪਾਪਾਂ ਤੇ ਅਉਗੁਣਾਂ ਦੀ ਨਵਿਰਤੀ ਕਰਦੇ ਸਨ। ਆਪ ਜੀ ਦਾ ਹਸੂੰ ਹਸੂੰ ਕਰਦਾ ਚਿਹਰਾ ਖੇੜੇ ਖੁਸ਼ੀ, ਵਿਗਾਸ, ਅਨੰਦ, ਤ੍ਰਿਪਤੀ, ਸਹਜ ਅਗੰਮੀ ਰਸ ਤੇ ਰਹਸ ਦੀ ਛਹਿਬਰ ਲਾ ਕੇ ਅਭਿੱਜ ਪੱਥਰ ਦਿਲ ਤੇ ਖੁਸ਼ਕ ਬੰਜਰ ਧਰਤੀ ਨੂੰ ਨਾਮ ਦਾ ਬੂਟਾ ਪ੍ਰਫੱਲਤ ਕਰਨ ਦੇ ਯੋਗ ਬਣਾਉਂਦਾ ਸੀ। ਐਸੇ ਅਨੰਤ ਗੁਣਾਂ ਦੇ ਸਰੂਪ ਦੇ ਭੂਤ, ਭਵਿਖ ਤੇ ਵਰਤਮਾਨ ਵਿੱਚ ਸੰਤ ਜਨਾਂ ਦੇ ਸਹਾਰੇ ਸ੍ਰੀ ਗੁਰੂ ਰਾਮਦਾਸ ਜੀ ਹਨ। ਭੱਟਾਂ ਦੇ ਸਤਿਕਾਰ ਭਰੇ ਬਚਨ ਹਨ :-

ਜਿਹ ਪਿਖਤ ਅਤਿ ਹੋਇ ਰਹਸੁ ਮਨਿ
ਸੋਈ ਸੰਤ ਸਹਾਰੁ ਗੁਰੂ ਰਾਮਦਾਸੁ॥ (ਪੰਨਾ ੧੪੦੯)


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਸਤੰਬਰ ੯੮)

ਭੇਖਧਾਰੀਆਂ ਪਾਖੰਡੀਆਂ ਦੇ ਭਾਗ ਬੜੇ ਹੀ ਮਾੜੇ ਹਨ ਜੋ ਗੁਰੂ ਨਾਨਕ ਦੀ ਸੋਧਨਾ ਨਾਲਿ ਭੀ ਨਹੀਂ ਸੁਧਰਦੇ, ਸਗੋਂ ਉਲਟੇ ਗੁਰਨਿੰਦਕ ਬਣਦੇ ਹਨ। ਏਸ ਨਿੰਦਾ ਰੂਪੀ ਪਾਪ ਦੀ ਮੈਲ ਕਦੇ ਉਤਰਦੀ ਨਹੀਂ ਭਾਵੇਂ ਅਠਸਠ ਤੀਰਥਾਂ ਤੇ ਜਾ ਕੇ ਨ੍ਹਾਉਂਦੇ ਫਿਰਨ। ਇਨ੍ਹਾਂ ਅਨਮਤੀ ਅਠਾਹਠ ਤੀਰਥਾਂ ਦਾ ਨ੍ਹਾਉਣਾ ਭੀ ਨਿਰਾ ਭਰਮ ਕਰਮ ਹੈ, ਭਰਮ ਭਰਿਆ ਨਿਹਫਲ ਕਰਮ ਹੈ। ਇਸ ਭਰਮ ਕਰਮ ਦੁਆਰਾ ਢੋਈ ਨਹੀਂ ਮਿਲਦੀ ਕਿਸੇ ਨੂੰ ਭੀ। ਨਾ ਹੀ ਸੰਨਿਆਸੀਆਂ ਜੋਗੀਆਂ ਦੀ ਅਠਸਠ ਤੀਰਥ ਨ੍ਹਾਉਣ ਭਰਮ ਕਰਮ ਦੁਆਰਾ ਕਦੇ ਗਤਿ ਕਲਿਆਣ ਹੋਣੀ ਹੈ। ਹੋ ਹੀ ਨਹੀਂ ਸਕਦੀ। ਪਾਪਾਂ ਦੀ ਮੈਲ ਧੋਈ ਹੀ ਨਹੀਂ ਜਾ ਸਕਦੀ। ਫੇਰ ਜਿਹੜੇ ਜਿਹੜੇ ਭੇਖਧਾਰੀ ਆਨਮਤੀ ਖ਼ਾਕ ਛਾਣਦੇ ਫਿਰਦੇ ਹਨ ਅਤੇ ਸੁਆਹ ਪਿੰਡੇ ਨੂੰ ਮਲਦੇ ਹਨ, ਉਹਨਾਂ ਦੇ ਪੱਲੇ ਭੀ ਸੁਆਹ ਹੀ ਪੈਂਦੀ ਹੈ, ਅਰਥਾਤ ਕੁਛ ਪੱਲੇ ਨਹੀਂ ਪੈਂਦਾ। ਉਹਨਾਂ ਦਾ ਬਿਭੂਤੀ ਲਾ ਕੇ ਪਾਖੰਡ-ਕਿਰਿਆ ਕਰਨਾ ਨਿਰਾ ਮਾਇਆ ਦਾ ਮਗ ਜੋਹਣਾ ਹੀ ਹੈ। ਮਾਇਆ ਕਾਰਨ ਹੀ ਪਾਖੰਡ ਕਰਦੇ ਹਨ। ਤਾਂਤੇ ਇਹ ਕਰਮ ਕਰਤੂਤ ਉਹਨਾਂ ਦਾ ਨਿਰਾ ਮਾਇਆ ਦਾ ਮਾਰਗ ਜੋਹਣਾ ਹੀ ਹੈ। ਇਕ ਵਾਹਿਗੁਰੂ ਦਾ ਗਿਆਨ ਉਹਨਾਂ ਨੂੰ ਹੁੰਦਾ ਹੀ ਨਹੀਂ ਜੋ ਸਾਰਿਆਂ ਦੇ ਅੰਦਰਿ ਬਾਹਰ ਭੀ ਪਰਤੱਖ ਵਰਤ ਰਿਹਾ ਹੁੰਦਾ ਹੈ। ਜੇ ਉਹਨਾਂ ਨੂੰ ਕਿਹਾ ਜਾਏ ਕਿ ਅੰਦਰਿ ਬਾਹਰ ਇਕ ਪਛਾਨਣ ਵਾਲੇ ਸੱਚੇ ਗੁਰਮਤਿ ਮਾਰਗ ਨੂੰ ਗ੍ਰਹਿਣ ਕਰੋ ਤੇ ਪਾਖੰਡ-ਕਿਰਿਆ ਛਡੋ, ਤਾਂ ਇਹ ਸੱਚੀ ਗੱਲ ਕਹੇ ਤੇ ਉਹਨਾਂ ਨੂੰ ਸਗੋਂ ਰੋਹ ਤੇ ਗੁੱਸਾ ਆਉਂਦਾ ਹੈ। ਕੈਸੇ ਨਿਕਰਮਣ ਹਨ, ਕੈਸੇ ਅਭਾਗੇ ਹਨ ਕਿ ਗੁਰੂ ਨਾਨਕ ਸਾਹਿਬ ਦਾ ਸੱਚਾ ਉਪਦੇਸ਼ ਭੀ ਉਹਨਾਂ ਨੂੰ ਨਹੀਂ ਪੋਂਹਦਾ। ਜਿਸ ਉਪਦੇਸ਼ ਨੂੰ ਸੁਣ ਕੇ ਉਹ ਪਾਖੰਡ ਕਰਮ ਨੂੰ ਛਡਦੇ ਨਹੀਂ, ਸਗੋਂ ਉਲਟੇ ਗੁੱਸੇ ਨਾਲਿ ਤਾਮ-ਤੜੂਕ ਹੋ ਜਾਂਦੇ ਹਨ। ਜਿਹੜਾ ਕੋਈ ਭੀ ਨਿਗੁਰਾ ਪੁਰਸ਼ ਆਨਮਤੀਆ ਹੈ ਉਹ ਆਪਣੇ ਹੀ ਮਤ ਦੀਆਂ ਧਰਮ-ਪੁਸਤਕਾਂ ਨੂੰ ਪੜ੍ਹਦਾ ਹੈ ਅਤੇ ਪੜ੍ਹਿ ਪੜ੍ਹਿ ਵਿਗੁਚਦਾ ਹੈ। ਝੂਠੇ ਪਾਠ ਕਰਿ ਕਰਿ ਕੇ ਝੂਠੇ ਕਰਮ ਧਰਮ ਕਰਦਾ ਹੈ ਅਤੇ ਕਰਿ ਕਰਿ ਖੁਆਰ ਹੁੰਦਾ ਹੈ। ਇਹ ਨਿਗੁਰੇ ਆਦਮੀ ਦੀ ਨਿਗੁਰੀ ਮਤਿ ਦੀ ਨਿਸ਼ਾਨੀ ਹੈ। ਉਹ ਝੂਠ ਬੋਲਣ ਵਾਲਾ, ਝੂਠ ਤੂਫ਼ਾਨ ਤੋਲਣਹਾਰਾ, ਕਪਟ ਕਮਾਵਨਹਾਰਾ ਅੰਧਲਾ ਅਗਿਆਨੀ ਹੈ ਅਤੇ ਪਾਖੰਡੀ ਕਪਟੀ ਕਪਟ-ਕਰੰਮੀ ਬਣ ਕੇ ਸਦਾ ਦੁਖੀ ਰਹਿੰਦਾ ਹੈ। ਅਜਿਹੇ ਸਾਰੇ ਕਪਟ-ਕਰੰਮੀ ਅਨਮਤੀ ਪਾਖੰਡੀ ਪੁਰਸ਼ ਦੁਖੀਏ ਹੀ ਮਰਿ ਜਾਂਦੇ ਹਨ। ਸਾਰੀ ਉਮਰ ਦੁਖੀਏ ਰਹਿੰਦੇ ਹਨ ਅਤੇ ਪੂਰਾਂ ਦੇ ਪੂਰ ਦੁੱਖਾਂ ਦੇ ਲੱਦੇ ਹੋਏ, ਕਪਟ ਕੂੜ-ਕਿਰਿਆ ਦਾ ਲੱਦ (ਕੂੜਾ) ਲੱਦ ਕੇ ਲੱਦੇ ਹੀ ਚਲੇ ਜਾਂਦੇ ਹਨ। ਨਾਮ ਦੇ ਜਪੇ ਬਿਨਾਂ ਸੱਚੜਾ ਸੁਖ ਕਿਸੇ ਨੂੰ ਨਹੀਂ ਮਿਲਦਾ, ਨਾ ਹੀ ਨਾਮ-ਹੀਣ ਗੁਰੂ-ਹੀਣ ਹੋਣ ਕਰਕੇ ਅਗੇ ਜਾ ਕੇ ਸੋਹੰਦੇ ਹਨ। ਕਈ ਭੇਖੀ ਮੂੰਡ ਮੂੰਡਾਉਣਾ, ਸਿਰ ਮੁਨਾਉਣ ਨੂੰ ਅਤੇ ਸਿਰ ਮੁਨਾ ਕੇ ਸਿਖਰ ਸਿਰ ਤੇ ਬੋਦੀ ਰਖਣ ਨੂੰ ਹੀ ਕਲਿਆਣਕਾਰੀ ਕਰਮ ਧਰਮ ਸਮਝਦੇ ਹਨ। ਕਈ ਭੇਖੀ ਭਸਮ ਲਾ ਕੇ ਜਟਾਂ ਵਧਾਉਣ ਤੇ ਸਿਰ ਤੇ ਜਟਾਂ ਲਿਟਾਂ ਰਖਣ ਨੂੰ ਹੀ ਮੁਕਤੀ ਦਾ ਸਾਧਨ ਸਮਝਦੇ ਹਨ। ਜਟਾਂ ਬੰਨ ਕੇ ਆਸਣ ਜਮਾਉਂਦੇ ਹਨ, ਇਹ ਲੋਕਾਂ ਦੇ ਰੀਝਾਉਣ ਵਾਲਾ ਹੀ ਭੇਖ ਹੈ। ਕਈ ਪਾਖੰਡੀ ਭੇਖੀ ਫੋਕਾ ਮੋਨਬਰਤ ਸਾਧ ਕੇ ਹੀ ਮੋਨਧਾਰੀ ਬਣ ਜਾਂਦੇ ਹਨ। ਬਾਹਰਲੀ ਮੂੰਹ-ਮੀਟੀ ਮੋਨ (ਚੁੱਪ) ਕਦੇ ਭੀ ਕਲਿਆਣਕਾਰੀ ਨਹੀਂ ਹੁੰਦੀ। ਅੰਦਰ ਤਾਂ ਉਹਨਾਂ ਦੇ ਬਹੁ ਬਹੁ ਭਾਂਤੀਆਂ ਤ੍ਰਿਸ਼ਨਾਵਾਂ ਕਾਮਨਾਵਾਂ ਦਾ ਗਿੱਧਾ ਪੈ ਰਿਹਾ ਹੁੰਦਾ ਹੈ। ਬਾਹਰ ਦਾ ਮੋਨ ਕਿਸ ਲੇਖੇ ਹੈ? ਅਜਿਹੇ ਮੋਨਬਰਤ ਸਾਧਾਂ ਮੋਨਧਾਰੀਆਂ ਦਾ ਅਭਿਮਾਨ ਹੀ ਵਧਦਾ ਹੈ, ਕਿਉਂਕਿ ਇਸ ਪਖੰਡ-ਕਿਰਿਆ ਦੇ ਕਰਨ ਕਰਿ ਲੋਕਾਂ ਅੰਦਰਿ ਉਹਨਾਂ ਪਖੰਡੀਆਂ ਦਾ ਮਾਨ ਹੀ ਵਧਦਾ ਹੈ। ਮਾਨ ਦੇ ਗਾਹਕ ਮੋਨਧਾਰੀਆਂ ਦੇ ਪਲੇ ਮਾਨ ਅਭਿਮਾਨ ਹੀ ਪੈਂਦੇ ਹਨ। ਮੋਨਧਾਰੀ ਤੋਂ ਉਹ ਮਾਨਧਾਰੀ ਬਣ ਜਾਂਦੇ ਹਨ। ਕਮਲੀ ਲੁਕਾਈ ਇਹਨਾਂ ਮਾਨਧਾਰੀਆਂ ਨੂੰ ਸਗੋਂ ਹੋਰ ਪੂਜਣ ਲਗ ਪੈਂਦੀ ਹੈ ਜਿਸ ਤੋਂ ਮਾਨਧਾਰੀਆਂ ਦਾ ਮਾਨ ਹੋਰ ਭੀ ਵਧਣ ਲਗ ਪੈਂਦਾ ਹੈ। ਦੁਨੀਆਂ ਅੰਦਰਿ, ਸੰਸਾਰੀਆਂ ਅੰਦਰਿ ਮਾਨਧਾਰੀਆਂ ਦੀ ਹੀ ਪੂਜਾ ਬਹੁਤੀ ਹੈ।


www.AKJ.Org

ਅਤੇ ਪਾਖੰਡ ਧਾਰੀਆਂ ਦੀ ਪਾਖੰਡ-ਪੂਜਾ ਨਾ ਪੂਜਾ ਕਰਨਹਾਰਿਆਂ ਲਈ ਤੇ ਨਾ ਪੂਜਾ ਕਰਾਉਣਹਾਰਿਆਂ ਲਈ ਕਲਿਆਣਕਾਰੀ ਹੈ, ਸਗੋਂ ਉਹਨਾਂ ਨੂੰ ਉਲਟਾ ਨਰਕਾਂ ਦਾ ਅਧਿਕਾਰੀ ਬਣਾਉਂਦੀ ਹੈ। ਇਹਨਾਂ ਮੋਨਧਾਰੀਆਂ ਦਾ ਪਾਖੰਡ ਮੋਨ ਹੀ ਹੁੰਦਾ ਹੈ। ਅੰਦਰੋਂ ਤਾਂ ਇਨ੍ਹਾਂ ਦਾ ਮਨ ਡੋਲਦਾ ਹੀ ਰਹਿੰਦਾ ਹੈ ਅਤੇ ਸਦਾ ਡੋਲਦਾ ਹੀ ਰਹਿੰਦਾ ਹੈ, ਕਦੇ ਅਸਥਿਰ ਨਹੀਂ ਹੁੰਦਾ। ਦਸੇ ਪਾਸੇ ਸਾਰੇ ਪਾਸੀਂ ਉਹਨਾਂ ਦਾ ਮਨ ਦਉੜਦਾ ਹੀ ਰਹਿੰਦਾ ਹੈ। ਮਨ ਦੀ ਇਹ ਦਉੜ, ਇਹ ਧਾਵਨੀ ਮੋਨ ਦਾ ਭੇਖ ਧਾਰਿਆਂ ਕਦੇ ਮਿਟਦੀ ਨਹੀਂ। ਮਿਟਦੀ ਹੈ ਤਾਂ ਨਾਮ ਦੁਆਰਾ ਮਿਟਦੀ ਹੈ।

ਮਨੁ ਪਰਬੋਧਹੁ ਹਰਿ ਕੈ ਨਾਇ॥ ਦਹਦਿਸਿ ਧਾਵਤ ਆਵੈ ਠਾਇ॥੩॥

(੧੯) (ਗਉੜੀ ਸੁਖਮਨੀ ਮ:੫, ਪੰਨਾ ੨੮੮

ਅਤੇ ਨਾਮ ਉਹਨਾਂ ਨੂੰ ਪ੍ਰਾਪਤਿ ਨਹੀਂ ਹੁੰਦਾ। ਨਿਗੁਰਿਆਂ ਨੂੰ ਨਾਮ ਕਿਥੇ? ਨਾਮ ਬਿਨਾਂ ਆਤਮ-ਗਿਆਨ ਦੀ ਪ੍ਰੇਮ ਪਿਆਰ ਦੀ ਜੋਤਿ ਉਕੀ ਹੀ ਨਹੀਂ ਚਮਕਦੀ। ਅੰਦਰਿ ਆਤਮ-ਜੋਤਿ ਰਸ ਦਾ ਆਨੰਦ ਆਵੇ ਤਾਂਹੀ ਸੁਰਤੀ ਬਿਰਤੀ ਦੀ ਅੰਤਰਗਤੀ ਲੀਨਤਾ ਹੁੰਦੀ ਹੈ ਅਤੇ ਬਾਹਰ ਦੀਆਂ ਬਿਰਤੀਆਂ ਰੁਕਦੀਆਂ ਹਨ, ਐਵੇਂ ਨਹੀਂ, ਕਦਾਚਿਤ ਨਹੀਂ। ਇਹ ਤੱਤ ਜੋਤਿ ਰਹੱਸੀ ਆਤਮ-ਗਿਆਨ ਗੁਰੂ ਘਰ ਦੀ ਹੀ ਨਿਧਿ ਪੂੰਜੀ ਹੈ, ਏਥੋਂ ਹੀ ਪ੍ਰਾਪਤਿ ਹੁੰਦੀ ਹੈ। ਹੋਰ ਕਿਤੋਂ ਨਹੀਂ। ਇਸ ਅੰਮ੍ਰਿਤ ਨੂੰ ਛਡ ਕੇ ਮਹਾਂ ਬਿਖਿਆ-ਰਸ ਪੀਣ ਵਿਚਿ ਮਾਇਆ ਦੇ ਦੀਵਾਨੇ ਮਦਹੋਸ਼ ਰਹਿੰਦੇ ਹਨ। ਤਿਨ੍ਹਾਂ ਮਾਇਆ ਦੇ ਮਤਵਾਲਿਆਂ ਨੂੰ ਅੰਮ੍ਰਿਤ ਰਸ ਗਟਾਕ ਛਕਣ ਦਾ ਸੁਭਾਗ ਕਿਥੇ? ਆਪਣੇ ਕੀਤੇ ਕਰਮਾਂ ਤੇ ਪੱਕੇ ਸੰਸਾਰਕਾਂ ਦੁਆਰਾ ਜੋ ਇਨਾਸਨੀ ਫ਼ਿਤਰਤ ਬਣ ਜਾਂਦੀ ਹੈ ਉਸੇ ਅਨੁਸਾਰ ਕਿਰਤ ਕਰੀ ਜਾਂਦੇ ਹਨ। ਇਹ ਕਿਰਤ-ਕਰੰਮੀ-ਫ਼ਿਤਰਤ ਕਦੇ ਮਿਟਦੀ ਨਹੀਂ। ਨਾ ਹੀ ਫ਼ਿਤਰਤੀ ਸੁਭਾਉ ਜਾਂਦਾ ਹੈ। ਇਸ ਕਿਰਤ-ਕਰੰਮੀ ਨਾ ਮਿਟਣ ਵਾਲੀ ਫ਼ਿਤਰਤ ਕਰਕੇ ਹੈਵਾਨੀ ਖ਼ਸਲਤ ਵਾਲਾ ਬਨਮਾਣੂ ਹੀ ਬਣਿਆ ਹੋਇਆ ਹੁੰਦਾ ਹੈ। ਉਸ ਨੂੰ ਅਕਾਲੀ ਭਾਣੇ ਦੇ ਕਰਮ ਭਲੇ ਨਹੀਂ ਭਾਸਦੇ। ਉਸ ਦੀ ਪਸ਼ੂ ਬਿਰਤੀ ਹੋ ਜਾਣ ਕਰਿ ਉਹ ਪਸ਼ੂਆਂ ਵਿਚਿ ਸ਼ਾਮਲ ਹੋ ਜਾਂਦਾ ਹੈ ਅਤੇ ਪਸ਼ੂ ਹੀ ਗਰਦਾਨਿਆਂ ਜਾਂਦਾ ਹੈ।

ਇਕ ਹੋਰ ਭੇਖਧਾਰੀਆਂ ਦਾ ਫ਼ਿਰਕਾ ਹੈ ਜੋ ਲੀਰਾਂ ਦਾ ਚੋਲਾ ਪਾ ਕੇ ਭਾਂਤ ਭਾਂਤ ਦੀਆਂ ਟਾਕੀਆਂ ਦਾ ਚੋਲੜਾ ਬਣਾ ਕੇ ਪਹਿਨਦੇ ਹਨ ਤੇ ਚਿਪੀ ਹੱਥ ਵਿਚਿ ਰਖਦੇ ਹਨ। ਇਹਨਾਂ ਕਰਮੰਡਲ ਵਾਲੇ ਲੀਰ-ਚੀਰੀਆਂ ਦਾ ਫ਼ਿਰਕਾਂ ਕਾਪੜੀਏ ਸਾਧੂ ਅਖਵਾਉਂਦੇ ਹਨ। ਅੰਦਰੋਂ ਪੁਜ ਕੇ ਤ੍ਰਿਸ਼ਨਾਲੂ ਹੁੰਦੇ ਹਨ। ਇਹਨਾਂ ਦੇ ਅੰਦਰਿ ਭਾਰੀ ਤ੍ਰਿਸ਼ਨਾ ਅਤੇ ਕਾਮ ਚੇਸ਼ਟਾ ਉਪਜੀ ਹੋਈ ਹੁੰਦੀ ਹੈ। ਘਰ ਦੀ ਇਸਤ੍ਰੀ ਤਜ ਕੇ ਇਹ ਆਪਣੇ ਜਾਣੇ ਤੇ ਲੋਕਾਂ ਭਾਣੇ ਤਾਂ ਗ੍ਰਿਹਸਤ-ਤਿਆਗੀ ਬਣਦੇ ਹਨ, ਪਰ ਏਹਨਾਂ ਦੇ ਕੂੜ ਦੇ ਤਿਆਗੀਆਂ ਅੰਦਰਿ ਸਾਰੇ ਜ਼ੋਰੋ ਜ਼ੋਰ ਹੋਰੋ ਹੋਰ ਕਾਮ ਵਿਆਪਿ ਜਾਂਦਾ ਹੈ। ਕਾਮ ਚੇਸ਼ਟਾ ਇਹਨਾਂ ਗੁਪਤ ਤਿਆਗੀਆਂ ਦੀ ਬਿਰਤੀ ਉਤੇ ਐਸੀ ਪਰਬਲ ਹੋ ਜਾਂਦੀ ਹੈ ਕਿ ਉਹ ਕਾਮ ਦੇ ਅਧੀਨ ਹੋਇ ਕੇ ਪਰਾਈ ਇਸਤ੍ਰੀ ਨੂੰ ਦੇਖ ਕੇ ਡੋਲ ਜਾਂਦੇ ਹਨ ਅਤੇ ਪਰਾਈਆਂ ਇਸਤ੍ਰੀਆਂ ਨਾਲਿ ਮੰਦ ਕਰਮ ਕਰਨ ਲਗ ਪੈਂਦੇ ਹਨ ਅਤੇ ਲੰਪਟ ਬਾਜ਼ਾਰੀ ਹੋ ਕੇ ਬਾਜ਼ਾਰੀ ਔਰਤਾਂ ਨਾਲਿ ਖੇਹ ਖਾਣ ਲਗ ਪੈਂਦੇ ਹਨ। ਦੂਜਿਆਂ ਨੂੰ ਸਿਖਿਆ ਦਿੰਦੇ ਹਨ ਅਤੇ ਚੇਲੇ ਬਣਾ ਉਹਨਾਂ ਦੇ ਕੰਨਾਂ ਵਿਚਿ ਛੂ ਮੰਤਰ ਫੂਕਦੇ ਹਨ, ਪਰ ਆਪ ਉਹਨਾਂ ਨੂੰ ਸੱਚੇ ਮੰਤਰ ਗੁਰ-ਸ਼ਬਦ ਦੀ ਸ਼ਨਾਖਤ ਹੀ ਨਹੀਂ ਹੁੰਦੀ। ਹੋਵੇ ਭੀ ਕਿੰਕੂ ਨਿਗੁਰਿਆਂ ਲੰਪਟ ਬਾਜ਼ਾਰੀਆਂ ਨੂੰ, ਐਸੇ ਵਿਖਵਤੀ ਕਰਮੀ ਪੁਰਸ਼ਾਂ ਨੂੰ ਜੋ ਚੋਪੜੀ ਚਾਪੜੀ ਚੁਪ ਚਾਂਦ ਦੀ ਪੋਚ ਸੋਚ ਦਾ ਡਿੰਭ ਧਾਰਦੇ ਹਨ। ਇਸ ਡਿੰਭ-ਭੇਖ ਦੇ ਕਾਰਨ ਹੀ ਅਗੇ ਜਾ ਕੇ ਜਮ ਖੁਆਰ ਕਰਦਾ ਹੈ। ਜਮਾਂ ਦੀ ਖੁਆਰੀ ਏਹਨਾਂ ਪੋਚ-ਪਖੰਡੀਆਂ ਨੂੰ ਜ਼ਰੂਰ ਸਹਿਣੀ ਪਵੇਗੀ। ਇਸ ਵਾਕ ਵਿਚ ਉਪਰ ਦਸੇ ਸਾਰੇ ਭੇਖਧਾਰੀਆਂ ਦੇ ਝੂਠੇ ਜੋਗ ਸੰਨਿਆਸ ਦਾ ਖੰਡਨ ਕਰਦੇ ਹਨ।

ਅਗੇ ਜਾ ਕੇ ਵਾਕ ਦੇ ਅਗਲੇ ਹਿੱਸੇ ਵਿਚਿ ਸੱਚੇ ਗੁਰਮਤਿ ਸੰਨਿਆਸ ਦਾ ਪ੍ਰਤੀਪਾਦਨ ਕਰਦੇ ਹਨ। ਸੱਚਾ ਸੰਨਿਆਸੀ ਸੋਈ ਹੈ ਜੋ ਸਤਿਗੁਰੂ ਨੂੰ ਸੇਵਦਾ ਹੈ। ਸੱਚੇ ਸਤਿਗੁਰੂ ਦਾ ਸੇਵਕ ਸਿਖ ਬਣ ਜਾਂਦਾ ਹੈ।

ਅਤੇ ਸਤਿਗੁਰੂ ਦੁਆਰਿਓਂ ਦੀਖਿਆ ਗੁਰਮੰਤਰ ਲੈ ਕੇ ਨਾਮ ਅਭਿਆਸ ਵਿਚਿ ਜੁਟ ਜਾਂਦਾ ਹੈ। ਅਤੇ ਨਾਮ ਦੀਆਂ ਸੱਚੀਆਂ ਕਮਾਈਆਂ ਕਰ ਕੇ ਆਪਣੇ ਆਪ ਵਿਚੋਂ ਹਉਮੈ ਦੇ ਭਾਵ ਦਾ ਅਭਾਵ ਕਰ ਦਿੰਦਾ ਹੈ। ਹਉਮੈ ਨੂੰ ਮੂਲੋਂ ਹੀ ਮਾਰ ਦਿੰਦਾ ਹੈ। ਪਹਿਨਣ ਖਾਣ ਦੀ (ਛਾਦਨ ਭੋਜਨ) ਦੀ ਇਛਿਆ ਨਹੀਂ ਰਖਦਾ, ਸਦਾ ਆਸ ਨਿਰਾਸਾ ਸੰਨਿਆਸੀ ਬਣਿਆ ਰਹਿੰਦਾ ਹੈ। ਸੁਤੇ ਸੁਭਾਵ ਜੋ ਮਿਲ ਜਾਵੇ ਸੋ ਗ੍ਰਹਿਣ ਕਰਿ ਲੈਂਦਾ ਹੈ। ਤ੍ਰਿਸ਼ਨਾਵੰਤ ਹੋ ਕੇ ਧਾਂਵਦਾ ਨਹੀਂ, ਤੇ ਮੂੰਹੋਂ ਬੋਲ ਕੇ ਮੰਗ ਕੇ ਭਿਛਿਆ ਨਹੀਂ ਲੈਂਦਾ। ਸੰਤੋਖ ਸਹਿਨ-ਸੀਲਤਾ ਨਾਲਿ ਹੀ ਤ੍ਰਿਪਤਾਸਿਆ ਰਹਿੰਦਾ ਹੈ। ਨਾਮ ਦੇ ਅਧਾਰ ਤੇ ਨਾਮ ਦੇ ਅਧਾਰ ਨਾਲ ਹੀ ਰੱਜਿਆ ਰਹਿੰਦਾ ਹੈ। ਖਾਣ ਪੀਣ ਪਹਿਨਣ ਦਾ ਠਾਠਾ ਬਾਗਾ ਲੋਕਾਂ ਭਾਣੇ ਹੀ ਕਰਦਾ ਹੈ। ਐਸੀ ਅਹਾਰ-ਆਧਾਰੀ ਰੱਜਣੀ ਵਿਚਿ ਰੱਜਿਆ ਹੋਇਆ ਸਦਾ ਸਹਿਜ-ਜੀਵਣੀ-ਗੰਭੀਰਤਾ ਦਾ ਸਚੜਾ ਨਾਮ ਧਨ ਉਸ ਦਾ ਜਮ੍ਹਾਂ ਕੀਤਾ ਹੋਇਆ ਹੁੰਦਾ ਹੈ ਕਿ ਕਦੇ ਭੁਖ ਦੁੱਖ ਉਸ ਨੂੰ ਵਿਆਪਦੀ ਨਹੀਂ ਅਤੇ ਭੁੱਖ ਦੁੱਖ ਕਰਿ ਉਸ ਦਾ ਕਦੇ ਤਾਮਸ ਪਿੱਤਾ ਨਹੀਂ ਹੁੰਦਾ। ਤਮਾਮ ਤਾਮਸਾ ਉਸ ਦੀ ਨਾਮ ਨੇ ਗੰਵਾ ਦਿਤੀ ਹੋਈ ਹੁੰਦੀ ਹੈ। ਐਸਾ ਗ੍ਰਿਹਸਤ-ਮਾਰਗੀ ਸੰਨਿਆਸੀ ਜੋਗੀ ਧੰਨਤਾ ਯੋਗ ਹੈ। ਗ੍ਰਿਹਸਤ ਵਿਚਿ ਰਹਿ ਕੇ ਹੀ ਸੰਨਿਆਸ-ਯੋਗ ਕਮਾਉਂਦਾ ਅਤੇ ਹਰਿ-ਚਰਨੀ ਚਿਤ ਲਾਉਂਦਾ ਹੈ ਅਤੇ ਇਕੋ ਅਕਾਲ ਪੁਰਖ ਨਾਲਿ ਲਿਵ ਲਾ ਕੇ ਮਾਇਆ ਵਿਚਿ ਅਲੇਪ ਵਰਤਦਾ ਹੈ। ਆਸਾ ਵਿਚਿ ਨਿਰਾਸ ਰਹਿੰਦਾ ਹੈ ਅਤੇ ਆਸਾ ਨਿਰਾਸਾ ਹੋ ਕੇ ਸੱਚਾ ਸੰਨਿਆਸ ਕਮਾਉਂਦਾ ਹੈ। ਹਰੀ-ਰਸ, ਵਾਹਿਗੁਰੂ ਨਾਮ-ਰਸ ਦਾ ਗਟਾਕ ਪੀ ਕੇ ਸਦਾ ਉਚੀਆਂ ਆਤਮ-ਅਟਾਰੀਆਂ ਤੇ ਹੀ ਚੜ੍ਹਿਆ ਰਹਿੰਦਾ ਹੈ ਅਤੇ ਸੱਚੀਆਂ ਸੰਨਿਆਸ-ਸਮਾਧੀਆਂ ਜਮਾ ਕੇ ਅਤੇ ਸੱਚੇ ਗੁਰਮਤਿ ਯੋਗ ਸੰਨਿਆਸ ਦੀਆਂ ਤਾੜੀਆਂ ਲਾ ਕੇ ਵਾਹਿਗੁਰੂ ਦੇ ਜੋਤਿ ਸਰੂਪੀ ਚਰਨਾਂ ਦੇ ਸ਼ਰਨੀ ਹੀ ਸਮਾਇਆ ਰਹਿੰਦਾ ਹੈ।

ਪਰਮਾਤਮ ਜੋਤਿ-ਵਿਗਾਸ ਵਿਚ ਜੁੜਨ ਵਾਲਾ ਨਿਵਾਸ ਸੱਚੜਾ ਨਿਜ ਘਰੀ ਵਾਸਾ ਹੈ। ਜਦੋਂ ਇਉਂ ਨਿਜ ਘਰਿ (ਵਾਹਿਗੁਰੂ ਦੇ ਚਰਨਾਂ ਵਿਚਿ) ਤਾੜੀ ਲਗਦੀ ਹੈ ਤਦੇ ਹੀ ਮਨੂਆ ਅਡੋਲ ਹੁੰਦਾ ਹੈ, ਐਵੇਂ ਨਹੀਂ। ਮੁਖੀ ਗੁਰੂ ਵਾਹਿਗੁਰੂ ਦੇ ਪ੍ਰਚੰਡ ਗਿਆਨ ਵਿਚਿ ਲੀਨ ਹੋਇਆ ਹੀ ਇਹ ਅਡੋਲਤਾ ਪ੍ਰਾਪਤਿ ਹੁੰਦੀ ਹੈ ਅਤੇ ਗੁਰੂ ਘਰ ਦੇ ਗੁਰਮੁਖਾਂ ਨੂੰ ਹੀ ਪ੍ਰਾਪਤਿ ਹੁੰਦੀ ਹੈ। ਇਸ ਆਤਮ ਅਵਸਥਾ ਮਈ ਪਉੜੀ ਤੇ ਚੜ੍ਹ ਕੇ ਗੁਰਮੁਖਾਂ ਦਾ ਮਨ ਦਹਿਦਿਸ ਧਾਵਣੋਂ ਬਿਵਰਜਤ ਹੁੰਦਾ ਹੈ। ਸੁਤੇ ਸਹਿਜ ਹੀ ਬਰਜਿਆ ਰਹਿੰਦਾ ਹੈ। ਕਿਸੇ ਪਾਸੇ ਨਹੀਂ ਧਾਵੰਦਾ, ਮੂਲੋਂ ਨਹੀਂ ਧਾਂਵਦਾ। ਗੁਰੂ ਦੁਆਰਾ ਨਾਮ ਪਦਾਰਥ ਪਾ ਕੇ ਗੁਰਮਤਿ ਨਾਮ ਦੀਆਂ ਕਮਾਈਆਂ, ਹਿਰਦੇ ਦੀਆਂ ਅਭਿਆਸਾਈਆਂ ਸਾਸ-ਗ੍ਰਾਸੀਆਂ ਦਾ ਅੰਦਰ ਮਧਾਣਾ ਫੇਰ ਕੇ ਅੰਦਰੋਂ ਵਾਹਿਗੁਰੂ ਦੀ ਜੋਤਿ ਨੂੰ ਗੁਰਮੁਖ ਜਨ ਪ੍ਰਕਾਸ਼ਤ ਕਰ ਲੈਂਦਾ ਹੈ ਅਤੇ ਗ੍ਰਿਹ ਸਰੀਰ ਦੇ ਵਿਚਹੁੰ ਵਾਹਿਗੁਰੂ ਦਾ ਦਰਸ਼ਨ-ਮਿਲਾਪ ਕਰ ਲੈਂਦਾ ਹੈ। ਬਾਹਰ ਦੀ ਖੋਜ ਆਨਮਤੀਆਂ ਦੀ ਬਿਰਥੀ ਹੈ, ਅੰਦਰਲੀ ਖੋਜ ਗੁਰਮਤੀਆਂ ਗੁਰਮੁਖਾਂ ਦੀ ਹੈ ਜੋ ਲੇਖੇ ਪੈਂਦੀ ਹੈ। ਅੰਤਰਗਤੀ ਦੇਹੀ ਅੰਦਰਿ ਵਾਹਿਗੁਰੂ ਦੇ ਦਰਸ਼ਨ-ਮਿਲਾਪ ਕਲਾ ਦਿੰਦੀ ਹੈ।

ਬ੍ਰਹਮਾ ਬਿਸ਼ਨ ਮਹੇਸ਼ ਭੀ ਤਾਂ ਹੀ ਸ੍ਰੇਸ਼ਟ ਹੋ ਸਕਦੇ ਹਨ ਜੇ ਉਪਰ ਦਸੀ ਗੁਰਮਤਿ-ਖੋਜ ਦੁਆਰਾ ਨਾਮ ਵਿਚਿ ਰਤੇ ਜਾ ਕੇ ਨਾਮੀ ਵਾਹਿਗੁਰੂ ਦਾ ਦੇਹੀ ਅੰਦਰ ਹੀ ਜੋਤਿ-ਵਿਗਾਸੀ ਦਰਸ਼ਨ ਕਰ ਲੈਣ, ਕਿਸੇ ਜਨਮਾ ਅਵਤਾਰ ਵਿਖੇ ਕਰ ਲੈਣ ਜਾਂ ਕਰਾ ਲੈਣ। ਗੁਰੂ ਨਾਨਕ ਦੀ ਸ਼ਰਨੀ ਆ ਕੇ, ਗੁਰੂ ਘਰਿ ਦਿਖੇ ਜਨਮ ਲੈ ਕੇ, ਐਵੇਂ ਨਹੀਂ।

ਵਾਹਿਗੁਰੂ ਜੋਤਿ-ਪ੍ਰਕਾਸ਼ੀ ਦੀ ਜੋਤਿ ਹੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਚਿ ਆਪਣੀ ਸੱਤਾ ਸੱਤਤਾ ਕਰਿ ਰਹੀ ਹੈ। ਸਾਰੀਆਂ ਖਾਣੀਆਂ ਅਤੇ ਖਾਣੀਆਂ ਦੇ ਸਾਰਿਆਂ ਜੰਤਾਂ ਵਿਚਿ, ਬੋਲੀਆਂ ਜਾਣ ਵਾਲੀਆਂ ਸਾਰੀਆਂ ਬਾਣੀਆਂ ਵਿਚਿ ਅਤੇ ਗਗਨ ਪਾਤਾਲੀਂ ਮੰਡਲਾਂ ਦੇ ਜੀਆ ਜੰਤਾਂ ਵਿਚਿ ਇਹ ਵਾਹਿਗੁਰੂ ਤੇਰੀ ਜੋਤਿ ਹੀ ਜੋਤੱਤ ਹੈ (ਜੋਤਿ ਸਤਿਆ ਪਸਾਰ ਰਹੀ ਹੈ), ਪ੍ਰੰਤੂ ਨਾਮ ਦੁਆਰਾ ਹੀ ਇਹ ਜੋਤਿ ਪਰਗਟ ਹੁੰਦੀ ਹੈ। ਪਹਿਲਾਂ


www.AKJ.Org

ਅੰਤਰਿ ਇਸ ਦਾ ਪ੍ਰਕਾਸ਼ ਹੁੰਦਾ ਹੈ, ਫੇਰ ਇਸ ਜੋਤਿ ਚਾਨਣੇ ਦਾ ਪ੍ਰਕਾਸ਼ ਸਾਰੇ ਅੰਦਰਿ ਬਾਹਿਰ ਗਗਨ ਪਾਤਾਲਾਂ ਵਿਚਿ ਹੋ ਜਾਂਦਾ ਹੈ। ਵਾਹਿਗੁਰੂ ਦੁਆਰਾ ਹੀ ਗੁਰਮਤਿ ਨਾਮਿ ਪ੍ਰਾਪਤ ਕਰ ਕੇ, ਅਭਿਆਸ ਕਮਾਈਆਂ ਕਰ ਕੇ ਇਸ ਜੋਤਿ ਪ੍ਰਕਾਸ਼ ਦਾ ਸਾਖਸ਼ਾਤਕਾਰ ਹੁੰਦਾ ਹੈ। ਇਹੀ ਜੋਤਿ-ਪ੍ਰਕਾਸ਼ ਦਰਸ਼ਨ ਹੀ ਸੱਚਾ ਮੁਕਤਿ ਪਦਾਰਥ ਹੈ। ਏਸੇ ਵਿਚਿ ਹੀ ਸੱਚਾ ਸੁਖ, ਪਰਮ ਅਨੰਦ ਹੈ। ਸੱਚੇ ਨਾਮ ਨੂੰ ਉਰਧਾਰਿਆਂ ਹੀ ਪਰਕਾਸ਼ ਸਰੂਪ ਨਾਮ ਦੀਆਂ ਜੋਤਾਂ ਜਗਦੀਆਂ ਹਨ ਅਤੇ ਅਨਹਦ ਬਾਣੀ ਦੀਆਂ ਧੁੰਨੀਆਂ ਦਸਮ ਦੁਆਰ ਵਿਖੇ ਗੂੰਜਦੀਆਂ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਬਿਨਾਂ ਨਿਸਤਾਰਾ ਨਹੀਂ, ਕਿਸੇ ਦਾ ਭੀ। ਨਾ ਸੰਨਿਆਸੀਆਂ ਦਾ, ਨਾ ਉਦਾਸੀਆਂ ਦਾ, ਨਾ ਜੋਗੀਆਂ ਦਾ, ਨਾ ਬ੍ਰਹਮਾ ਬਿਸ਼ਨ ਮਹੇਸ਼ ਦੇਵਤਿਆਂ ਦਾ। ਤਾਂ ਤੇ ਜਿਸ ਨੇ ਭੀ ਸੱਚੇ ਨਿਸਤਾਰੇ ਵਾਲੀ ਸੱਚੀ ਤਾਰੀ ਤਰਨੀ ਹੋਵੇ ਸੋ ਗੁਰਮਤ ਗ੍ਰਿਹਸਤ ਧਰਮੀ ਹੋ ਕੇ ਸੱਚੇ ਨਾਮ ਦਾ ਮਰਮੀ ਬਣ ਕੇ ਨਾਮ ਨਿਹਕਾਮ ਦਾ ਸਥਿਤ ਕਰਮੀ ਹੋ ਜਾਵੇ। ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਸੁੱਚਜੇ ਕਰਮ ਧਰਮ ਬਿਨਾਂ ਛੁਟਕਾਰਾ ਕਦੇ ਨਹੀਂ ਕਿਸੇ ਦਾ ਭੀ ਨਹੀਂ। ਅਨਮਤਿ ਕਰਮ ਤਾਂ ਸਭੇ ਰਸਾਤਲ ਵਿਚਿ ਲੈ ਜਾ ਕੇ ਸਿਟਣ ਵਾਲੇ ਹੀ ਹਨ। ਜੋ ਪੁਰਸ਼ ਭੀ ਇਸ ਜਗਤ ਵਿਖੇ ਚਤਰ ਸਿਆਣਾ ਬਣਿਆ ਬੈਠਾ ਹੈ ਉਹ ਚਾਹੇ ਨਿਰਾ ਭਰਮਿ ਭੁਲਾ ਅਗਿਆਨੀ ਹੀ ਹੋਵੇ, ਉਸ ਗੰਵਾਰ ਦਾ ਨਾਉਂ ਪੰਡਿਤ ਕਰਕੇ ਪਰਸਿਧ ਹੋ ਜਾਂਦਾ ਹੈ। ਉਸ ਦੀ ਪੰਡਿਤ ਅੱਲ ਪੈ ਜਾਂਦੀ ਹੈ। ਭਰਮ ਭੁਲੀ ਲੋਕਾਈ ਉਸ ਨੂੰ ਪੰਡਿਤ ਕਹਿ ਕਹਿ ਕੇ ਪੁਕਾਰਨ ਲਗ ਪੈਂਦੀ ਹੈ। ਭਾਵੇਂ ਉਹ ਗੰਵਾਰਾ ਦੀ ਪੜ੍ਹਾਈ ਹੀ ਪੜ੍ਹਨਹਾਰੇ ਹੋਣ। ਬੇਦਾਂ ਦੇ ਲੇਖਾਰੀ, ਬੇਦ-ਪ੍ਰਚਾਰੀ, ਬੇਦ-ਬਣਤਾਰੀ, ਬੇਦ-ਵੰਤਾਰੀ ਪੰਡਿਤ ਬਿਖ ਮਾਇਆ ਦ ਮਤੇ ਹੋਏ, ਮਾਇਆ ਦੇ ਭ੍ਰਮੇ ਹੋਏ, ਭੁਲੜ ਪੰਡਿਤ ਨਾਮ ਪਦਾਰਥ ਤੋਂ ਤਾਂ ਸੁੰਞੇ ਹੁੰਦੇ ਹਨ। ਬੇਦਾਂ ਨੂੰ ਹੀ ਫੜਿ ਬਹਿੰਦੇ ਹਨ, ਬੇਦਾਂ ਨੂੰ ਡੰਡਿ ਪੈਂਦੇ ਹਨ। ਉਹਨਾਂ ਵਿਚਿ ਕੀ ਧਰਿਆ ਪਿਆ ਹੈ । ਜੈਸਾ ਕਿ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ-

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ॥
ਨਾਉ ਵਿਸਾਰਹਿ ਬੇਦ ਸਮਾਲਹਿ ਬਿਖੁ ਭੂਲੇ ਲੇਖਾਰੀ॥੫॥(੭॥੬॥੧੧)

(ਮਾਰੂ ਮਹਲਾ ੧, ਪੰਨਾ ੧੦੧੫-੧੬

ਅਨਮਤਿ ਪਾਖੰਡ ਕਰਮਾਂ ਦੀ ਨਿਪੁੰਸਕਤਾ ਅਗਲਾ ਗੁਰਵਾਕ ਭੀ ਨਿਧੜਕਤਾ ਸਹਿਤ ਨਿਰੂਪਨ ਕਰਾਉਂਦਾ ਹੈ ਯਥਾ ਗੁਰਵਾਕ-

ਵਾਚਹਿ ਪੁਸਤਕ ਵੇਦ ਪੁਰਾਨਾਂ॥ ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ॥
ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ॥ ਰੇਚਕ ਕੁੰਭਕ ਪੂਰਕ ਮਨ ਹਾਠੀ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥੧੪॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥
ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ॥੧੫॥

੫॥੨੨॥ (ਮਾਰੂ ਮ:੧,ਪੰਨਾ ੧੦੪੩)

ਵਿਆਖਿਆ- ਆਨਮਤ ਪੁਸਤਕਾਂ ਵੇਦਾਂ ਪੁਰਾਣਾਂ ਨੂੰ ਵਾਚਣ ਵਾਲੇ ਬਥੇਰੇ ਹਨ। ਪੁਸਤਕਾਂ ਨੂੰ ਪੜ੍ਹ ਕੇ

ਲੋਕਾਂ ਨੂੰ ਸੁਣਾਉਂਦੇ ਹਨ। ਅਤੇ ਬੇਅੰਤ ਲੋਕੀ ਬਹਿ ਕੇ ਕੰਨੀ ਸੁਣਦੇ ਹਨ। ਕੰਨ ਲਾ ਕੇ ਪੂਰੀ ਸ੍ਰਵਣ ਸੁਰਤੀ ਨਾਲਿ ਸੁਣਦੇ ਹਨ। ਪਰ ਤਿਨ੍ਹਾਂ ਪੜ੍ਹਨ ਸੁਣਨਹਾਰਿਆਂ ਵਿਚੋਂ ਕਿਸੇ ਦੇ ਭੀ ਅਜਗਰ ਕਪਾਟ ਨਹੀਂ ਖੁਲ੍ਹਦੇ। ਭਰਮ ਕਿਵਾੜੇ ਤਾਕ ਤਿਨ੍ਹਾਂ ਦੇ ਅੜੇ ਹੋਏ ਹੁੰਦੇ ਹਨ, ਓਹ ਐਸੀ ਕਰੜਾਈ ਬਿਖਮਤਾ ਨਾਲਿ ਬੰਦ ਹੋਏ ਵੇ ਹੁੰਦੇ ਹਨ ਕਿ ਵੇਦ ਪੁਰਾਣੀ ਮਤਾਂ ਦੀ ਬੁਧਿ ਮਤਿ ਦੁਆਰਾ ਜ਼ੋਰ ਲਾਇਆਂ ਭੀ ਨਹੀਂ ਖੁਲ੍ਹਦੇ। ਭਰਮ ਕਿਵਾੜਾ ਤਿਨ੍ਹਾਂ ਦਾ ਅੜਿਆ ਹੀ ਰਹਿੰਦਾ ਹੈ। ਬਸ ਸਮੂਹ ਆਨਮਤ ਵਾਦੀ ਭਰਮ ਭੁਲੇ ਹੀ ਫਿਰਦੇ ਹਨ। ਤੱਤ ਵਸਤੂ ਦੀ ਲਭਤਾ ਓਹਨਾਂ ਨੂੰ ਹੁੰਦੀ ਹੀ ਨਹੀਂ। ਇਹ ਤੱਤ ਪਦਾਰਥ ਲਭਦਾ ਹੈ ਤਾਂ ਸਤਿਗੁਰੂ ਸੱਚੇ ਦੀ ਬਰਕਤ ਹਮਾਇਤ ਸ਼ਫ਼ਾਅਤ (ਸਫ਼ਾਰਸ਼) ਨਾਲਿ ਲਭਦਾ ਹੈ ਬਿਨਾਂ ਸਤਿਗੁਰੂ ਦੇ ਤੱਤ ਨਹੀਂ ਪਾਇਆ ਜਾਂਦਾ। ਅਣਗਿਣਤ ਆਨਮਤ ਭੇਖੀ, ਪਾਖੰਡੀ ਐਸੇ ਹਨ ਕਿ ਪਿੰਡੇ ਨੂੰ ਸੁਆਹ ਮਲ ਕੇ ਬਿਭੂਤੀ ਲਾ ਕੇ ਹੀ ਤੱਤ ਪਾਇਆ ਲੋੜਦੇ ਹਨ। ਪਰ ਅਜਿਹੇ ਪਾਖੰਡ-ਕਰਮ ਕੀਤਿਆਂ ਉਹਨਾਂ ਦੀ ਹਉਮੈ ਹੀ ਵਧਦੀ ਹੈ ਏਸ ਹਉਮੈ ਦੇ ਨਾਲਿ ਹੀ ਉਹਨਾਂ ਦੇ ਅੰਦਰਿ ਕ੍ਰੋਧ ਚੰਡਾਲ ਆ ਵੜਦਾ ਹੈ। ਅਜਿਹੇ ਪਾਖੰਡ ਕਰਮ ਕੀਤਿਆਂ ਸੱਚਾ ਜੋਗ ਮਾਰਗ ਨਹੀਂ ਲਭਦਾ। ਸੱਚੇ ਗੁਰਮਤਿ ਜੋਗ ਮਾਰਗ ਲਭੇ ਬਿਨਾਂ ਅਲਖ ਪਰਮਾਤਮਾ ਦੀ ਲੱਖਤਾ ਲਭਤਾ ਨਹੀਂ ਹੁੰਦੀ। ਅਨੇਕ ਪਾਖੰਡੀ ਉਦਿਆਨ (ਉਜਾੜ) ਬਣਾਂ ਵਿਚਿ ਜਾ ਕੇ ਤੀਰਥ ਬਰਤ ਨੇਮ ਆਨਮਤ ਕਰਮ ਕਰਦੇ ਹਨ। ਆਪਣੀਆਂ ਇੰਦ੍ਰੀਆਂ ਇੰਦਰਿਆਂ ਨੂੰ ਰੋਕਣ ਦਮਨ ਕਰਨ ਲਈ ਜਤ ਸਤ ਸੰਜਮੀ ਸਾਧਨ ਸਾਧਦੇ ਹਨ। ਅਤੇ ਇਹਨਾਂ ਸਾਧਨਾਂ ਦਾ ਸੰਜਮੀ ਚੁੰਚ ਗਿਆਨ ਕਥਦੇ ਫਿਰਦੇ ਹਨ। ਅਜਿਹੇ ਸੰਜਮੀ ਸਾਧਨ ਸਾਧ ਕੇ ਆਪਣੇ ਆਪ ਨੂੰ ਪਹੁੰਚੇ ਹੋਏ ਗਿਆਨੀ ਸਦਾਉਂਦੇ ਹਨ। ਪ੍ਰੰਤੂ ਸੱਚੇ ਸਤਿਗੁਰੂ ਤੋਂ ਬਿਨਾਂ ਉਹਨਾਂ ਦਾ ਅਗਿਆਨ ਭਰਮ ਨਹੀਂ ਜਾਂਦਾ। ਇਹ ਅਗਿਆਨ ਭਰਮ ਉਹਨਾਂ ਦਾ ਦੁਖ ਰੂਪ ਹੁੰਦਾ ਹੈ। ਉਹਨਾਂ ਨੂੰ ਹੀ ਦੁਖ ਦਿੰਦਾ ਹੈ ਸੱਚੇ ਸਤਿਗੁਰੂ ਦੀ ਚੰਡ ਉਹਨਾਂ ਨੂੰ ਚੜ੍ਹ ਜਾਏ ਤਾਂ ਦੁਖ ਦੂਰ ਹੁੰਦਾ ਹੈ। ਅਨੇਕਾਂ ਆਨਮਤ ਡਿੰਭ-ਕਰਮੀ ਲੋਗ ਨਿਉਲੀ ਕਰਮ ਕਰਦੇ ਹਨ। ਆਪਣੀਆਂ ਆਂਦਰਾਂ ਦੀ ਕਪੜੇ ਦੁਆਰਾ ਮਨ ਹਠ ਕਰਮੀ ਸਫ਼ਾਈ ਕਹਿ ਕਰਿ ਹਠਦੇ ਹਨ। ਕਈ ਕੁੰਡਲਨੀ ਨਾੜੀ ਥਾਣੀਂ ਸੁਆਸ ਚੜ੍ਹਾ ਕੇ ਦਸਮ ਦੁਆਰ ਪਹੁੰਚਣ ਕੇ ਭੁਯੰਗਮੀ ਯੋਗ ਹਠ ਭਾਠੀ ਕਰਮ ਕਰਦੇ ਹਨ। ਹੋਰ ਅਨੇਕਾਂ ਪਾਖੰਡ ਕਰਮੀ ਹਠ ਯੋਗ ਪ੍ਰਾਣਾਯਾਮ ਸਾਧਦੇ ਹਨ। ਆਪਣੇ ਅੰਦਰਿ ਰੁਕੇ ਹੋਏ ਸੁਆਸਨੀ ਪਉਣ ਨੂੰ ਬਾਹਰ ਕਢਣ ਵਾਲੀ ਰੇਚਕ ਯੋਗ ਪ੍ਰਾਣਾਯਾਮੀ ਕਿਰਿਆ ਸਾਧਦੇ ਹਨ। ਫੇਰ ਸੁਆਸਾਂ ਨੂੰ ਅੰਦਰਿ ਠਹਿਰਾਈ ਰਖਣ ਵਾਲੀ ਪੂਰਕ ਪ੍ਰਾਣਾਯਾਮ ਹਠ ਕਰਮ ਕ੍ਰਿਆ ਕਮਾਉਂਦੇ ਹਨ। ਇਹ ਸਭ ਹਠ ਯੋਗ ਦੇ ਸਾਧਨ ਪਾਖੰਡ ਰੂਪ ਹੀ ਹਨ। ਨਿਰਾ ਹਠ ਭਰਿਆ ਪਾਖੰਡ ਧਰਮ ਕਰਮ ਹੀ ਭਰਮ ਮਾਤਰ ਰਹਿ ਜਾਣਾ ਇਸ ਭਰਮ ਕਾਰਨ ਹਠ ਧਰਮ ਕੀਤਿਆਂ ਪਰਮਾਤਮਾ ਨਾਲਿ ਪ੍ਰੀਤਿ ਨਹੀਂ ਪੈਂਦੀ (ਉਪਜਦੀ)। ਨਾ ਹੀ ਪ੍ਰੀਤ ਪਾਉਣ ਉਪਜਾਉਣ ਵਾਲਾ ਮਹਾਂ ਰਸ ਆਉਂਦਾ ਹੈ। ਇਹ ਮਹਾਂ ਰਸ ਤਾਂ ਗੁਰਸ਼ਬਦ ਤੋਂ ਹੀ ਆਉਂਦਾ ਹੈ। ਗੁਰਸ਼ਬਦ ਤੋਂ ਹੀ ਪਾਇਆ ਜਾਂਦਾ ਹੈ। ਉਪਰ ਦਸੇ ਆਨਮਤ ਹਠ ਕਰਮਾਂ ਦੇ ਕੀਤਿਆਂ ਨਹੀਂ ਪਾਇਆ ਜਾਂਦਾ। ਗੁਰਸ਼ਬਦ ਦੀ ਕਮਾਈ ਕੀਤਿਆਂ ਰਸ ਜੋਤਿ ਪ੍ਰਕਾਸ਼ ਅੰਤਰਗਤਿ ਹੋ ਕੇ ਸਰਬੱਤਰ ਸਰਬਦਾ ਰਵਿ ਰਹੇ ਪਰਮਾਤਮਾ ਦੀ ਸਾਂਗੋ ਪਾਂਗ ਗਿਆਨ ਵਾਲੀ ਸਚੜੀ ਜਾਣ ਪਛਾਣ ਹੋ ਜਾਂਦੀ ਹੈ। ਸਾਰੀ ਕੁਦਰਤਿ ਵਿਖੇ ਕਰਤਾ ਪੁਰਖ ਨੂੰ ਜਗਮਗ ਜੋਤਿ ਜਲਵਿਆਂ ਵਿਚਿ ਭਰਪੂਰ ਲੀਣਾ ਵੇਖ ਕੇ ਮਗਨ ਅਨੰਦੀ ਲਿਵ ਜੁੜੀ ਰਹਿੰਦੀ ਹੈ, ਗੁਰ ਸ਼ਬਦ ਅਭਿਆਸੀਆਂ ਦੀ। ਇਉਂ ਕਾਦਰ ਨੂੰ ਕੁਦਰਤਿ ਵਿਚ ਜੋਤਿ ਜਲਵੀਣਾ ਦੇਖ ਕੇ ਹੀ ਮਨ ਨੂੰ ਸਚੜੀ ਪਤੀਜ ਆਉਂਦੀ ਹੈ, ਕਰਤੇ ਪੁਰਖ ਦੀ ਹੋਂਦ ਹਸਤੀ ਦੀ। ਅਤੇ ਇਉਂ ਸੱਚੀ ਆਸਤਕਤਾ ਦਾ ਪ੍ਰਭਾਵ ਜ਼ਹੂਰਤ ਪੁਰਨੂਰਤ ਹੁੰਦਾ ਹੈ। ਨਹੀਂ ਤਾਂ ਹਠ-ਕਰਮੀਆਂ ਦੀ ਕਪੋਲਤਾ ਨਾਸਤਕਤਾ ਵਲ ਹੀ ਲੈ ਜਾਂਦੀ ਹੈ ਅਤੇ ਨਾਸਤਕਤਾ ਭਰੀ ਅਸ਼ਰ-ਧਕਤਾ ਹੀ ਉਪਜਾਉਂਦੀ ਹੈ। ਸਰਬੇ ਆਤਮ ਰਾਮ ਹੀ ਰਮਿਆ ਦੇਖਣ ਅਤੇ ਅਲੱਖ ਪਰਮਾਤਮਾ ਪਾਰਬ੍ਰਹਮ ਨੂੰ ਲਖਣ



www.AKJ.Org

ਦਾ ਇਹੋ ਇਕੋ ਸਚੜਾ ਕਰਮ ਫ਼ਿਲਸਫ਼ਾ, ਗੁਰ-ਗਿਆਨ ਗੰਮਤੀ ਸੱਚੜਾ ਨਾਮ ਪ੍ਰਕਾਸ਼ ਕਰਾਉਣਹਾਰਾ ਗੁਰਮਤਿ ਨਾਮ ਅਭਿਆਸ ਕਰਮ ਹੀ ਹੈ। ਇਸ ਤੋਂ ਬਿਨਾਂ ਸਭ ਆਨਮਤਿ ਕਰਮ ਫੋਕਟ ਪਾਖੰਡ ਕਰਮ ਹੀ ਹਨ। ਜ਼ਰਾ ਅਗਲੇਰਾ ਗੁਰਵਾਕ ਭੀ ਵੀਚਾਰੋ-

ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ॥
ਜਮੁ ਨ ਛੋਡੈ ਬਹੁ ਕਰਮ ਕਮਾਵਹਿ॥
ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ॥੧੧॥...
ਬੇਦ ਪੜਹਿ ਹਰਿ ਨਾਮੁ ਨ ਬੂਝਹਿ॥
ਮਾਇਆ ਕਾਰਣਿ ਪੜਿ ਪੜਿ ਲੂਝਹਿ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ॥੧੪॥
ਬੇਦ ਬਾਦ ਸਭਿ ਆਖਿ ਵਖਾਣਹਿ॥
ਨ ਅੰਤਰੁ ਭੀਜੈ ਨ ਸਬਦੁ ਪਛਾਣਹਿ॥
ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ॥੧੫॥
(ਮਾਰੂ ਮ: ੩, ਪੰਨਾ ੧੦੪੯-੫੦)

ਵਿਆਖਿਆ- ਆਪਣੇ ਇੰਦ੍ਰਾਸਣੀ ਤਖਤ ਤੇ ਬੈਠੇ ਇੰਦਰ ਸਾਰਖੇ ਮੁਖੀ ਦੇਵਤੇ ਭੀ ਜਮ ਦਾ ਭਉ ਖਾ ਕੇ ਮੌਤੋਂ ਡਰਦੇ ਰਹਿੰਦੇ ਹਨ। ਆਨਮਤਾਂ ਦੇ ਮੰਨੇ ਹੋਏ ਅਜਿਹੇ ਮੁਖੀ ਦੇਵਤੇ ਇੰਦਰ ਵਰਗੇ ਚਾਹੇ ਅਨੇਕਾਂ ਹੀ ਆਨਮਤ ਕਰਮ ਕਮਾਉਣ, ਪਰ ਏਹਨਾਂ ਆਨਮਤ ਕਰਮ ਕਮਾਉਂਦਿਆਂ ਹੋਇਆਂ ਉਹਨਾਂ ਨੂੰ ਜਮ ਦਾ ਭਉ ਵਿਆਪਿਆ ਹੀ ਰਹਿੰਦਾ ਹੈ। ਓੜਕ ਜਮ ਉਹਨਾਂ ਨੂੰ ਛਡਦਾ ਹੀ ਨਹੀਂ, ਝਫ ਲੈਂਦਾ ਹੈ। ਬਸ, ਵਿਚਾਰੇ ਚੁਰਾਸੀ ਦੇ ਗੇੜ ਵਿਚਿ ਜਾ ਪੈਂਦੇ ਹਨ। ਉਹਨਾਂ ਦੀ ਮੁਕਤੀ ਹੁੰਦੀ ਹੀ ਨਹੀਂ। ਆਵਣ ਜਾਣ ਦਾ ਗੇੜ ਭੀ ਮਿਟ ਜਾਂਦਾ ਹੈ। ਸਤਿਗੁਰੂ ਭੇਟੇ ਤੋਂ ਹੀ ਮੁਕਤੀ ਮਿਲਦੀ ਹੈ ਤਾਂ ਗੁਰੂ ਘਰ ਵਿਚਿ ਆਇਆਂ ਸੱਚੇ-ਸਤਿਗੁਰੂ ਦੇ ਭੇਟਾਇਆਂ ਮਿਲਦੀ ਹੈ ਅਤੇ ਫੇਰ ਚੁਰਾਸੀ ਦਾ ਗੇੜ ਭੀ ਮਿਟ ਜਾਂਦਾ ਹੈ। ਸਤਿਗੁਰੂ ਭੇਟੇ ਤੋਂ ਹੀ ਮੁਕਤੀ ਮਿਲਦੀ ਹੈ। ਮੁਕਤੀ ਭੀ ਸੱਚੀ ਹਰਿ-ਦਰਸ਼ਨ ਸੰਜੁਕਤੀ (ਸੰਜੋਗ ਸਿਉਤੀ) ਪ੍ਰਾਪਤਿ ਹੁੰਦੀ ਹੈ। ਜੀਉਂਦੇ-ਜੀ ਜੋਤਿ-ਰਸ ਦਾ ਵਿਗਾਸ ਅੰਤਰ-ਆਤਮੇ ਹੋਇ ਆਉਂਦਾ ਹੈ। ਜਿਉਂ ਜਿਉਂ ਰਸਨਾ ਕਰਕੇ ਗੁਰਮਤਿ ਨਾਮ ਦਾ ਜਾਪ ਅਭਿਆਸ ਕੀਤਾ ਜਾਂਦਾ ਹੈ, ਤਿਉਂ ਤਿਉਂ ਅੰਮ੍ਰਿਤ ਰਸ ਦੇ ਗਟਾਕ ਅੰਤਰ-ਆਤਮੇ ਭੁੰਚੀਦੇ ਹਨ। ਇਸ ਸਰੀਰ ਦੇਹੀ ਦੇ ਛੁਟਿਆਂ ਭੀ ਵਿਗਾਸ-ਰਸ ਜੋਤਿ-ਸਰੋਵਰੀ ਮਨੋਹਰ ਦਰਸ਼ਨ ਪੁਲਾੜ ਖੁਲ੍ਹ ਜਾਂਦੇ ਹਨ, ਜਿਸ ਦੀ ਗਹਿਣ ਗਤਿ ਕਹੀ ਨਹੀਂ ਜਾ ਸਕਦੀ। ਬੇਦ ਪੜ੍ਹਿਆਂ ਹਰਿ ਰਸ ਨਹੀਂ ਆਉਂਦਾ ਹੈ। ਹਰਿ ਰਸ ਆਉਂਦਾ ਹੈ ਤਾਂ ਨਾਮ ਜਪਿਆਂ ਹੀ ਆਉਂਦਾ ਹੈ ਵੇਦਾਂ ਵਿਚਿ ਨਾਮ ਦਾ ਨਮੂਦ ਮਾਤਰ ਮੁਸ਼ਕ ਭੀ ਨਹੀਂ। ਤਾਂ ਵੇਦ ਪੜ੍ਹਾਕੂ ਨਾਮ ਕਿਵੇਂ ਬੁਝਣ ? ਨਾਮ ਦਾ ਤਾਂ ਬੇਦਾਂ ਵਿਚ ਜ਼ਿਕਰ ਹੀ ਨਹੀਂ। ਨਿਰੇ ਮਾਇਆ ਦੇ ਪੁਲਾੜੇ ਹੀ ਬੇਦਾਂ ਵਿਚਿ ਦਸੇ ਹੋਏ ਹਨ। ਬਸ, ਬੇਦ ਪੜ੍ਹਾਕੂ ਬੇਦਾਂ ਨੂੰ ਪੜ੍ਹਿ ਪੜ੍ਹਿ ਕੇ ਮਾਇਆ ਕਾਰਨ ਹੀ ਲੁਝਦੇ ਹਨ। ਪਏ ਲੁਝਣ। ਮਾਇਆ ਕਾਰਨ ਲੁਝਣ ਕਰਕੇ ਬੇਦ ਪੜ੍ਹਾਕੂ ਅੰਦਰਿ ਮੈਲ ਹੀ ਲਗੀ ਰਹਿੰਦੀ ਹੈ। ਜਿਸ ਕਰਕੇ ਉਸ ਦੇ ਆਤਮਾ ਅੰਦਰਿ ਮਾਇਆ ਦਾ ਪਸਾਰਾ ਅਤੇ ਨਿਰੇ ਅਗਿਆਨ ਦਾ ਹੀ ਅੰਧਾਰਾ ਪਸਰਿਆ ਰਹਿੰਦਾ ਹੈ। ਇਸ ਕਾਰਨ ਉਨ੍ਹਾਂ ਲਈ ਦੁਤਰ ਭਉਜਲ-ਸੰਸਾਰ ਭੈ-ਸਾਗਰ ਨੂੰ ਤਰਨਾ ਅਤੀ ਕਠਨ ਹੋ ਜਾਂਦਾ ਹੈ। ਬੇਦ ਤਾਂ ਸਾਰਾ ਬਾਦ ਹੀ ਬਾਦ ਆਖ ਕੇ ਵਖਾਣਦੇ ਹਨ। ਬਾਦਾਂ ਦੀਆਂ ਕਹਾਣੀਆਂ ਵਿਚਿ ਹੀ ਬੇਦਾਚਾਰੀ ਰਚੇ ਪਚੇ ਰਹਿੰਦੇ ਹਨ। ਨਾਮ ਪਦਾਰਥ ਬੇਦਾਂ ਵਿਚ ਮਿਲਦਾ ਹੀ ਨਹੀਂ। ਤਾਂਤੇ ਨਾਮ ਬਿਨਾਂ ਨਾ ਉਹਨਾ ਦਾ ਮਨ ਅੰਤਰਲਾ ਆਤਮਾ ਦੇਵ ਭਿਜਦਾ ਹੈ, ਨਾ ਉਹਨਾਂ ਨੂੰ ਸ਼ਬਦ ਦੀ ਪਛਾਣ ਆਉਂਦੀ ਹੈ। ਸ਼ਬਦ ਮਾਰਗ ਦਾ ਤਾਂ ਇਹ ਵੇਦ ਥਹੁ ਪਤਾ ਹੀ ਨਹੀਂ ਦਿੰਦੇ। ਨਾ ਹੀ ਬੇਦ ਦੀ


www.AKJ.Org

ਪੜ੍ਹਾਈ ਵਿਚਿ ਸ਼ਬਦ ਮਾਰਗ ਦਾ ਥਹੁ-ਪਤਾ ਹੀ ਦੀਖਸ਼ਤ ਹੁੰਦਾ ਹੈ। ਬੇਦਾਂ ਨੇ ਤਾਂ ਨਿਰਾ ਪੁੰਨ ਪਾਪੁ ਹੀ ਦ੍ਰਿੜ੍ਹਾਇਆ ਹੈ। ਪੁੰਨ ਪਾਪ ਦੇ ਕਰਮਾਂ ਦਾ ਹੀ ਝਾਖ ਝਖਾਇਆ ਹੈ। ਗੁਰਮੁਖਾਂ ਨੇ ਨਾਮੁ ਅੰਮ੍ਰਿਤ ਰਸ ਪੀਣਾ ਹੋਇਆ। ਨਾਮ ਵੇਦਾਂ ਵਿਚਿ ਲਭਦਾ ਹੀ ਨਹੀਂ, ਅੰਮ੍ਰਿਤ-ਰਸ ਕਿਵੇਂ ਪੀਣ, ਮਨੁ ਮੁਖ ਬੇਦਾਚਾਰੀ ?

ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥
ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥੧੮॥ (ਬਚਿੱਤ੍ਰ ਨਾਟਕ)

ਬ੍ਰਹਮ ਗਿਆਨ ਦੀ ਕਿਰਿਆ ਬੇਦ-ਪੜ੍ਹਾਕੂਆਂ ਤੇ ਛੁਟ ਜਾਂਦੀ ਹੈ। ਬੇਦ ਅਨੁਰਾਗੀਆਂ ਨੂੰ ਨਾਮ ਦਾ ਰਸ ਆ ਹੀ ਨਹੀਂ ਸਕਦਾ। ਨਾਮ ਦੇ ਰਸ ਅਭਿਆਸ ਬਿਨਾਂ ਤਤ ਬ੍ਰਹਮ ਗਿਆਨ ਕਿਵੇਂ ਪ੍ਰਾਪਤਿ ਹੋਵੇ? ਤਾਂਤੇ ਬੇਦਾਚਾਰੀ ਕਰਮ ਸਾਰੇ ਹੀ ਫੋਕਟ ਕਰਮ ਹਨ।

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜ਼ਾਤਾ ਹੇ ॥੧੫॥
(੧੬॥੯) (ਮਾਰੂ ਸੋਲਹੇ ਮ:੩, ਪੰਨਾ ੧੦੫੩)

ਭਾਵ:- ਬੇਦਾਂ ਦਾ ਅਨੁਵਾਦ ਹਿੰਦੂ ਮਤ ਦੀਆਂ ਪੁਸਤਕਾਂ ਸਿਮਰਤੀਆਂ ਅਤੇ ਸ਼ਾਸਤਰਾਂ ਵਿਚਿ ਬਹੁਤਾ ਮਾਇਆ ਦੇ ਪਾਸਾਰਾਂ ਦਾ ਵਿਸਥਾਰ ਹੀ ਕੀਤਾ ਹੋਇਆ ਹੈ। ਮਾਇਕ ਵਿਸਥਾਰ ਵਾਲਾ ਫੈਲਾਉ ਹੀ ਫੈਲਾਇਆ ਹੋਇਆ ਹੈ। ਮੂਰਖ ਲੋਗ ਇਹਨਾਂ ਨੂੰ ਪੜ੍ਹਦੇ ਹਨ, ਪੜ੍ਹ ਕੇ ਮੂਰਖ ਹੀ ਰਹਿੰਦੇ ਹਨ। ਸਿਮਰਤ ਸ਼ਾਸਤਰਾਂ ਨੂੰ ਪੜ੍ਹਿ ਪੜ੍ਹਿ ਮੂਰਖ ਅਭਿਮਾਨੀਆਂ ਵਾਲੇ ਝਗੜਿਆਂ ਰਗੜਿਆਂ ਵਿਚਿ ਹੀ ਪੈ ਪੈ ਕੇ ਖਪਤ ਹੋ ਗਏ ਹਨ। ਕਈ ਤਾਂ ਇਹਨਾਂ ਝਗੜਿਆਂ ਕਰਕੇ ਸਭਾ-ਜੀਤ ਕਹਾਉਂਦੇ ਹੋਏ ਆਪਣੇ ਆਪਿ ਹੀ ਲਾਸਾਨੀ ਫ਼ਿਲਾਸਫ਼ਰ ਬਣਿ ਬੈਠਦੇ ਹਨ। ਸਾਨੂੰ ਅਫ਼ਸੋਸ ਤਾਂ ਇਹ ਹੈ ਕਿ ਕਈ ਗੁਰਸਿਖਾਂ ਵਿਚ ਜੰਮੇ ਪਲੇ ਹੋਏ ਭੀ ਇਹਨਾਂ ਝਗੜਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਸ, ਥਾਉਂ ਦੀ ਥਾਉਂ ਰਹਿ ਜਾਂਦੇ ਹਨ। ਗੁਰਸ਼ਬਦ ਨੂੰ ਗੁਰਬਾਣੀ ਵਿਚੋਂ ਬੁਝਦੇ ਚੀਨਦੇ ਨਹੀਂ। ਛਡਿ ਬਹਿੰਦੇ ਹਨ। ਵਿਰਲਿਆਂ ਗੁਰਮੁਖਾਂ ਨੇ ਹੀ ਗੁਰਸ਼ਬਦ ਨੂੰ ਜਾਤਾ ਪਛਾਤਾ ਹੈ। ਸ਼ਬਦ-ਹੀਣ ਸਭ ਸਖਣੇ ਹੀ ਰਹਿ ਜਾਂਦੇ ਹਨ। ਬ੍ਰਹਮ ਗਿਆਨ ਉਹਨਾਂ ਦੇ ਨੇੜੇ ਹੀ ਨਹੀਂ ਆਉਂਦਾ। ਆਨਮਤ ਪੁਸਤਕਾਂ ਦੇ ਕਰਮ ਦ੍ਰਿੜ੍ਹਾਉਂਦੇ ਹਨ। ਸੋ ਸਭ ਪਾਖੰਡ ਹਨ, ਫੋਕਟ ਕਰਮ ਹੀ ਹਨ। ਯਥਾ ਗੁਰਵਾਕ-

ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨ ਹਠਿ ਕਰਮ ਫਿਰਿ ਜੋਨੀ ਪਾਏ॥
ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ॥੯॥
ਪੂਰਾ ਸਤਿਗੁਰੁ ਭਗਤਿ ਦ੍ਰਿੜਾਏ॥ ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ॥
ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਲਾਹਾ ਹੇ॥
॥੧੦॥ (੧੬॥੩॥੧੨) (ਮਾਰੂ ਮ:੩, ਪੰਨਾ ੧੦੫੫-੫੬)

ਭਾਵ- ਆਨਮਤ ਪੁਸਤਕਾਂ ਦਾ ਪੜ੍ਹਾਕੂ ਆਨਮਤ ਪੁਸਤਕਾਂ ਪੜ੍ਹਿ ਪੜ੍ਹਿ ਲੋਕਾਂ ਨੂੰ ਆਨਮਤ ਕਰਮ ਹੀ ਕਰਨੇ ਦ੍ਰਿੜ੍ਹਾਉਂਦਾ ਹੈ। ਇਹ ਆਨਮਤ ਕਰਮ ਨਿਰੇ ਅਗਿਆਨਤਾ ਭਰੇ ਅੰਧ ਕਰਮ ਹੀ ਹੁੰਦੇ ਹਨ। ਅਗਿਆਨੀ ਅੰਧੇ ਆਨਮਤ ਕਰਮਾਂ ਦੇ ਦਸੇ ਦ੍ਰਿੜ੍ਹਾਏ ਹੋਏ ਅੰਧ ਅਗਿਆਨ ਖਾਤੇ ਟੋਏ ਵਿਚਿ ਹੀ ਡਿਗਦੇ ਹਨ। ਇਹ ਸਭ ਮਨਮਤੀ ਕਰਮ ਹਨ। ਇਉਂ ਮਨ ਹਠ ਕਰਮਾਂ ਦੇ ਕੀਤਿਆਂ ਬਹੁਤੀਆਂ ਜੋਨੀਆਂ ਵਿਚਿ ਭ੍ਰਮਣਾ ਪੈਂਦਾ ਹੈ ਮਨ ਹਠ ਕਰਮੀਆਂ ਨੂੰ। ਐਸੇ ਆਨਮਤ ਕਰਮ ਕਰਨਹਾਰੇ ਬਿਖ ਮਾਇਆ ਦੇ ਕਾਰਨ ਲਬ ਲੋਭ ਭਰੇ ਕਰਮ ਹੀ ਪਏ ਕਮਾਉਂਦੇ ਫਿਰਦੇ ਹਨ। ਲੋਭ-ਗ੍ਰਸੇ ਹੀ ਭਟਕਦੇ ਫਿਰਦੇ ਹਨ। ਇਉਂ ਦੁਰਮਤਿ ਕਰਮੀ ਹੋ ਕੇ ਉਹ ਦੁਚਿੱਤਾਪਣ ਦੁਬਿਧਾ ਦੇ ਕੁਰਾਹੇ ਪੈ ਕੇ ਗੁਮਰਾਹ ਹੋ ਜਾਂਦੇ ਹਨ ਅਤੇ ਗੁਮਰਾਹ ਹੋਏ ਹੀ ਰਹਿੰਦੇ ਹਨ। ਗੁਮਰਾਹ ਰਹਿੰਦੇ ਹੋਏ ਹੀ ਮਰਿ ਜਾਂਦੇ ਹਨ। ਇਹ ਪੂਰੇ ਸਤਿਗੁਰੂ ਨੂੰ ਤੌਫੀਕਾਂ ਹਨ। ਧੰਨ ਗੁਰੁ ਨਾਨਕ ਸਾਹਿਬ ! ਜਿਨ੍ਹਾਂ ਦੁਰਮਤਿ ਦੁਰਾਹੇ ਦੀ ਗੁਮਰਾਹੀ ਵਿਚੋਂ ਕਢ ਕੇ ਸਿੱਧੇ ਮਾਰਗ ਗੁਰਮਤਿ ਮਾਰਗ


www.AKJ.Org

ਤੇ ਪਾ ਕੇ ਸਤਿਨਾਮ ਦ੍ਰਿੜ੍ਹਾ ਕੇ ਇਸ ਜਨਮ ਵਿਚ ਹੀ ਜੀਵ ਪ੍ਰਾਣੀਆਂ ਦਾ ਨਿਸਤਾਰਾ ਕਰਾ ਦਿਤਾ ਹੈ। ਸੱਚੇ ਸਤਿਗੁਰੂ ਦੁਆਰਾ ਦ੍ਰਿੜ੍ਹ ਹੋਈ ਗੁਰ-ਦੀਖਿਆ ਪਾ ਕੇ ਨਾਮੁ ਮਨ ਵਿਚਿ ਵਸਦਾ ਹੈ ਅਤੇ ਮਨ ਤਨ ਘਟ ਅੰਦਰਿ ਰਵਦਾ ਹੈ (ਰਮ ਜਾਂਦਾ ਹੈ) । ਇਉਂ ਸ਼ਬਦ ਅਭਿਆਸੀਆਂ ਦਾ ਮਨ ਭਿਜਦਾ ਹੈ ਜਿਨ੍ਹਾਂ ਦੇ ਅੰਮ੍ਰਿਤ-ਨਾਮ ਦ੍ਰਿੜ੍ਹ ਹੋ ਜਾਂਦਾ ਹੈ ਤਿਨ੍ਹਾਂ ਨੂੰ ਹੀ ਸਿਫਤਿ-ਸਾਲਾਹ ਭਗਤੀ ਦਾ ਸੱਚਾ ਸੁਆਦ ਆਉਂਦਾ ਹੈ।

ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ॥
ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ॥
ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥
ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ॥੧੩॥

(ਵਾਰ ਮਾਰੂ ਮ:੫, ਪੰਨਾ ੧੦੯੮-੯੯)

ਭਾਵ- ਅਕਲ ਕਲਾ ਵਾਲਾ ਅਕਾਲ ਪੁਰਖ ਅਨਮਤ ਕਰਮਾਂ ਕਰਿ ਆਨਮਤ ਪਾਖੰਡ ਸੰਜਮਾਂ ਕਰਿ ਨਹੀਂ ਪਾਇਆ ਜਾ ਸਕਦਾ। ਉਹ ਲਖਿਆ ਨਹੀਂ ਜਾ ਸਕਦਾ। ਲਖਤਾ ਤੋਂ ਰਹਿਤ ਹੈ ਅਤੇ ਗਿਣਤੀਆਂ ਮਿਣਤੀਆਂ ਹਦਬੰਦੀਆਂ ਤੋਂ ਪਰੇ ਬੇਅੰਤ ਹੈ। ਖਟ-ਦਰਸਨ ਜੋਗੀਆਂ ਦੇ ਖਟ ਦਰਸ਼ਨ ਭੇਖ਼ ਸਭ ਭਰਮਦੇ ਫਿਰਦੇ ਹਨ, ਪਰ ਉਹ ਨਿਰੰਕਾਰ ਵਾਹਿਗੁਰੂ ਭੇਖਾਂ ਦੁਆਰਾ ਨਹੀਂ ਪਾਇਆ ਜਾਂਦਾ। ਜਿਹੜੇ ਲੋਕ ਸੰਜਮ ਕਰਦੇ ਤੇ ਬਰਤ ਰਖਦੇ ਹਨ। ਸੋ ਬਰਤ ਕਿਸੇ ਭੀ ਲੇਖੇ ਨਹੀਂ ਪੈਂਦੇ। ਭਾਵੇਂ ਸੰਪੂਰਨ ਵੇਦ ਪੜ੍ਹ ਲਏ ਜਾਣ, ਪੜ੍ਹ ਕੇ ਘੋਖ ਲਏ ਜਾਣ, ਪਰ ਤੱਤ-ਸਾਰ ਸਾਰਿਆਂ ਹੀ ਬੇਦਾਂ ਵਿਚਿ ਕਿਤੇ ਦਿਖਾਈ ਨਹੀਂ ਦਿੰਦਾ। ਵੇਦਾਂ ਅੰਦਰ ਦਰਸਾਏ ਸਾਰੇ ਕਰਮ ਕਿਸੇ ਭੀ ਲੇਖੇ ਨਹੀਂ ਕਿਉਂਕਿ ਤੱਤ-ਸਾਰ ਕਰਮ ਦਾ ਉਹਨਾਂ ਵਿਚਿ ਨਮੂਦ ਹੀ ਨਹੀਂ। ਇਸ਼ਨਾਨ ਕਰ ਕੇ, ਤਿਲਕ ਆਦਿ ਕਢ ਕੇ ਮੱਥੇ ਤੇ ਲਾਉਣੇ ਭੀ ਗੁਣਕਾਰੀ ਨਹੀਂ ਕਿਉਂਕਿ ਇਹ ਕਿਰਿਆ ਕਰਮ ਕੀਤਿਆਂ ਅਮਲੀ ਕਾਲਖ ਮਿਟਦੀ ਨਹੀਂ। ਅੰਦਰਲੀ ਕਾਲਖ ਬਣੀ ਰਹੀ ਤਾਂ ਤਿਲਕ ਕਢਣ ਦਾ ਕੀ ਫਾਇਦਾ ? ਅਤੇ ਤੀਰਥਾਂ ਪਰ ਇਸ਼ਨਾਨ ਕੀਤੇ ਦਾ ਕੀ ਲਾਭ? ਅਜਿਹੇ ਆਨਮਤ ਭੇਖਾਂ ਦੇ ਕੀਤਿਆਂ ਪ੍ਰਭੂ ਨਹੀਂ ਲਭਦਾ। ਲਭਦਾ ਹੈ ਤਾਂ ਸੱਚੀ ਸਿਖਿਆ ਦੁਆਰਾ ਲਭਦਾ ਹੈ। ਅਤੇ ਇਹ ਸੱਚੀ ਸਿਖਿਆ ਦੀਖਿਆ ਗੁਰੂ ਘਰੋਂ ਤੇ ਗੁਰੂ ਦੁਆਰਿਓਂ ਪ੍ਰਾਪਤਿ ਹੁੰਦੀ ਹੈ। ਅਤੇ ਹੋਰ ਕਿਤੋਂ ਨਹੀਂ। ਤਿਨ੍ਹਾਂ ਜਨਾਂ ਨੇ ਆਪਣਾ ਜਨਮ ਸੰਵਾਰ ਲਿਆ ਜਿਨ੍ਹਾਂ ਨੇ ਸੱਚੇ ਸਤਿਗੁਰੂ ਦੇ ਪਰਤੱਖ ਦਰਸ਼ਨ ਕਰਿ ਲਏ। ਪਰਮਾਰਥੋਂ ਭੁਲਿਆ ਹੋਇਆ ਪਾਂਧੀ ਸੋਈ ਸੁਮਾਰਗ ਪੈਂਦਾ ਹੈ ਜਿਸ ਦੇ ਮਸਤਕ ਉਤੇ ਸ਼ੁਭ ਲੇਖ ਲਿਖਿਆ ਹੁੰਦਾ ਹੈ।

(ਚਲਦਾ)

(ਪੰਨਾ ੨੯ ਦਾ ਬਾਕੀ...)

ਜਿਵੇਂ ਪਹਿਲੇ ਨਿਯਮ ਅਨੁਸਾਰ ਗੁਰਬਾਣੀ ਪ੍ਰਮਾਣਾਂ ਵਿੱਚ ਬੰਧੁ ਅਤੇ ਨ, ਮਗੁ ਅਤੇ ਨ, ਚੰਦੁ ਅਤੇ ਨ, ਰਾਜੁ ਅਤੇ ਨ, ਪੰਕੁੰ ਅਤੇ ਨ ਵੱਖਰੇ ਵੱਖਰੇ ਉਚਾਰਨ ਕਰਨਾ ਸਹੀ ਪਾਠ ਹੈ। ਇਸ ਦੇ ਉਲਟ ਜੇਕਰ ਨੰਨਾ ਔਂਕੜ ਸਹਿਤ ਅਗੇ ਆਉਂਦਾ ਹੈ ਤਾਂ ਉਪਰੋਕਤ ਗੁਰ ਪ੍ਰਮਾਣਾਂ ਵਿੱਚ ਨੰਨਾ ਜੁੜਤ ਪਦ ਬਣ ਕੇ ਹੀ ਉਚਾਰਨ ਕਰਨਾ ਸਹੀ ਪਾਠ ਬਣਦਾ ਹੈ। ਜਿਵੇਂ ਬੰਧਨੁ, ਦਰਸਨੁ, ਮਹਾਨੁ, ਚੰਦਨੁ, ਰਾਜਨੁ, ਪੰਕੰਜੁ ਆਦਿ ਉਪਰ ਦਰਸਾਏ ਗਏ ਹਨ।

ਇਸ ਤਰ੍ਹਾਂ ਦੇ ਇਹ ਗੁਰਬਾਣੀ ਦੇ ਅਪਨੇ ਹੀ ਵਿਲੱਖਣ ਨਿਯਮ ਹਨ ਅਤੇ ਇਨ੍ਹਾਂ ਵੱਲ ਧਿਆਨ ਦੇਣਾ ਹਰ ਗੁਰਮੁਖਿ ਜਗਿਆਸੂ ਦਾ ਫ਼ਰਜ਼ ਬਣ ਆਉਂਦਾ ਹੈ।

• • • • • •


www.AKJ.Org

# ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।

LD-226 28 ਸਾਲਾ ਕੱਦ 5'5'' B Sc. B.ed. ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-227 26 ਸਾਲਾ ਕੱਦ 5' B.Sc. Bed. D. Pharnacy ਪਾਸ M.A. ਕਰ ਰਹੀ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-228 32 ਸਾਲਾ, ਕੱਦ 4'6'', M.A. Bed. ਸਿਲਾਈ ਕਟਾਈ ਤੇ ਘਰੇਲੂ ਕੰਮ ਵਿਚ ਮਾਹਿਰ ਬੀਬੀ ਲਈ ਯੋਗ ਘਰ ਦੀ ਲੋੜ ਹੈ।

LD-229 27 ਸਾਲਾ ਕੱਦ 5'7'', 10+2 ਪਾਸ 5000/- ਮਾਸਿਕ ਦੀ ਨੌਕਰੀ ਕਰ ਰਹੇ ਸਿੰਘ ਲਈ ਬੀਬੀ ਦੀ ਲੋੜ ਹੈ।

LD-230 38 ਸਾਲਾ ਕੱਦ 5' 5'' ਮੈਟ੍ਰਿਕ ਪਾਸ 6000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-231 38 ਸਾਲਾ ਕੱਦ 5'4'' ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-232 21 ਸਾਲਾ ਕੱਦ 5'6'' ਮੈਟ੍ਰਿਕ ਪਾਸ ਸਿਲਾਈ ਕਢਾਈ ਜਾਣਦੀ ਸਰਬਲੋਹ ਬਿਬੇਕ ਦੀ ਧਾਰਨੀ ਬੀਬੀ ਵਾਸਤੇ ਵਰ ਦੀ ਲੋੜ ਹੈ।

LD-233 24 ਸਾਲਾ ਕੱਦ 5'11'' ਮੈਟ੍ਰਿਕ ਪਾਸ ਆਪਣੀ 24 ਏਕੜ ਜ਼ਮੀਨ ਦੇ ਮਾਲਕ ਬਿਬੇਕੀ ਪਹਿਰੇ ਵਾਲੇ ਸਿੰਘ ਲਈ ਗੁਰਮੁਖ ਬੀਬੀ ਦੀ ਲੋੜ ਹੈ।

LD-234 25 ਸਾਲਾ ਕੱਦ 5'9'' ਗ੍ਰੈਜੂਏਟ, ਕੰਪਿਊਟਰ ਸਾਫ਼ਟਵੇਅਰ ਦਾ ਐਡਵਾਂਸ ਡਿਪਲੋਮਾ ਧਾਰਕ, ਕੈਨੇਡਾ ਵਿਖੇ ਸਿਲੈਕਟ ਹੋਣ ਦੇ ਸੰਭਾਵਿਤ ਸਿੰਘ ਲਈ ਗੁਰਮੁਖ ਬੀਬੀ ਦੀ ਲੋੜ ਹੈ।

LD-235 25 ਸਾਲਾ ਕੱਦ 5'4'' ਬੀ. ਏ. ਸਰਕਾਰੀ ਨੌਕਰੀ 5000/-ਮਾਸਿਕ ਤਨਖ਼ਾਹ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਬੀਬੀ ਛਬੀਲ ਕੌਰ ਮੋਹਾਲੀ- | ੧੦੦/- | ਸ: ਮਨਧੀਰ ਸਿੰਘ ਲੁਧਿਆਣਾ - | ੫੦/- |
| ਸ: ਇੰਦਰ ਜੀਤ ਸਿੰਘ ਮੋਹਾਲੀ- | ੧੦੦/- | ਸ:ਹਰਦੀਪ ਸਿੰਘ ਲੁਧਿਆਣਾ- | ੧੦੦/- |
| ਸ: ਪ੍ਰਗਟ ਸਿੰਘ ਚੰਡੀਗੜ੍ਹ- | ੧੦੦/- | ਬੀਬੀ ਸੁਰਿੰਦਰ ਕੌਰ PHILLIPINES- | ੧੧੦੦/- |
| ਸ: ਸੁਰਿੰਦਰ ਸਿੰਘ ਹੋਸ਼ਿਆਰਪੁਰ- | ੫੦/- | ਗੁਪਤ- | ੫੦/- |
| ਸ: ਪ੍ਰਭ ਦਿਆ ਸਿੰਘ ਲੁਧਿਆਣਾ- | ੫੦/- | ਗੁਪਤ- | ੫੦੦/- |
| ਸ: ਪ੍ਰਮ ਜੀਤ ਸਿੰਘ ਲੁਧਿਆਣਾ- | ੧੦੦/- | ਗੁਪਤ- | ੧੧/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਨਵ ਨਿਹਾਲ ਸਿੰਘ- | ੨੫/- | ਬੀਬੀ ਜਸਬੀਰ ਕੌਰ ਸੰਦੋੜ | ੫੦/- |

## ਯੂ. ਕੇ. ਦੇ ਕੀਰਤਨ ਸਮਾਗਮ

4. ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਭਾਈ ਚਰਨਜੀਤ ਸਿੰਘ ਸਲੋਹ ਦੇ ਲੜਕੇ ਭਾਈ ਗੁਰਦੀਪ ਸਿੰਘ ਦਾ ਅਨੰਦ ਕਾਰਜ 30 ਅਕਤੂਬਰ ਤੋਂ 1 ਨਵੰਬਰ Gurd. Guru Nanak Satsang, Rutland Road, MAIDENHEAD ਹੋਰ ਜਾਣਕਾਰੀ ਲਈ Tel. 01753-535803

5. ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਸਬੰਧੀ ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 14 ਨਵੰਬਰ ਰਾਤ ਨੂੰ ਗੁਰੂ ਨਾਨਕ ਗੁਰਦੁਆਰਾ, SEDGELEY, STREET, WOLVERHAMPTON ਵਿਖੇ। ਜਾਣਕਾਰੀ ਲਈ ਭਾਈ ਸ਼ਿੰਗਾਰਾ ਸਿੰਘ 01215151722

6. ਭਾਈ ਅਮਰਜੀਤ ਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ 1, Sunnyhill Ave, LITTELEOVER DERBY ਵਿਖੇ ਕੀਰਤਨ ਸਮਾਗਮ 21 ਨਵੰਬਰ ਨੂੰ । ਜਾਣਕਾਰੀ ਲਈ ਭਾਈ ਜੀਵਨ ਸਿੰਘ 01332-739542

ਨੋਟ :- ਕੀਰਤਨ ਸਮਾਗਮ ਦੀ ਬੁਕਿੰਗ ਅਤੇ ਜਥੇ ਦੀਆਂ ਕੈਸਟਾਂ ਪ੍ਰਾਪਤ ਕਰਨ ਲਈ ਭਾਈ ਹਰਦੀਪ ਸਿੰਘ, 218, WEXHAM ROAD SLOUGH, SL 2-5JP Tel /Fax 01753-530624

www.AKJ.Org

## ਦੋਰਾਹਾ (ਲੁਧਿਆਣਾ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਦੋਰਾਹਾ ਵਿਖੇ 10 ਅਕਤੂਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਦਿਆਲਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 7 ਤੋਂ 18 ਅਕਤੂਬਰ ਤੱਕ

7 ਅਕਤੂਬਰ ਬੁਧਵਾਰ ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਅਰੰਭ ਲੜੀ ਸ੍ਰੀ ਅਖੰਡ ਪਾਠ ਸਾਹਿਬ। 17 ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ । ਸ਼ਾਮ ਨੂੰ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ।

## ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

ਗਲੀ ਬਾਊ ਮੱਲ ਸਿੰਘ ਨਜ਼ਦੀਕ ਨੂਰ ਦੀ ਅੱਡਾ ਤਰਨਤਾਰਨ ਵਿਖੇ 18 ਅਕਤੂਬਰ ਐਤਵਾਰ ਸਵੇਰ ਤੋਂ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ ਸਜਣਗੇ।

## ਗੁਰਦੁਆਰਾ ਰਾਜਾ ਰਾਮ ਹਰਚੋਵਾਲ (ਗੁਰਦਾਸਪੁਰ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਭਗਤ ਨਾਮਦੇਵ ਜੀ ਦੇ ਜਨਮ ਦਿਵਸ ਤੇ 24 ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ 31 ਅਕਤੂਬਰ ਰਾਤ ਨੂੰ।

## ਗੁਰੂ ਨਾਨਕ ਜੀ ਦੇ ਪ੍ਰਕਾਸ਼ ਪੁਰਬ ਦਾ ਜਲੰਧਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

2-11-1998 ਅੰਮ੍ਰਿਤ ਵੇਲੇ ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਲਾਇਲਪੁਰ ਸਕੂਲ ਨਕੋਦਰ ਰੋਡ ਵਿਖੇ । ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਮਖ਼ਦੂਮਪੁਰਾ ਵਿਖੇ। 3-11-98 ਸਵੇਰੇ 6 ਵਜੇ ਤੋਂ 11 ਵਜੇ ਤੱਕ ਅਖੰਡ ਕੀਰਤਨ ਗੁ: ਸਿੰਘ ਸਭਾ ਮੁਹੱਲਾ ਅਜੀਤ ਨਗਰ ਸਾਹਮਣੇ ਟੀ. ਵੀ. ਸੈਂਟਰ ਜਲੰਧਰ ਵਿਖੇ। ਸ਼ਾਮ 7 ਤੋਂ 9 ਕੀਰਤਨ ਲਾਇਲਪੁਰ ਸਕੂਲ ਨਕੋਦਰ ਰੋਡ ਵਿਖੇ।

4-11-98 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ । ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਲਾਇਲਪੁਰ ਸਕੂਲ ਨਕੋਦਰ ਰੋਡ ਵਿਖੇ।

**ਅੰਮ੍ਰਿਤ ਸੰਚਾਰ:-** 4-11-98 ਸ਼ਾਮ 6 ਵਜੇ ਸਕੂਲ ਦੇ ਹਾਲ ਵਿਚ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

**ਅਨੰਦ ਕਾਰਜ:-** 5-11-98 ਸਵੇਰੇ 4 ਵਜੇ ਰੈਣਿ ਸਬਾਈ ਕੀਰਤਨ ਦੇ ਭੋਗ ਸਮੇਂ ਅਨੰਦਕਾਰਜ ਕਰਵਾਏ ਜਾਣਗੇ।

**ਰਿਹਾਇਸ਼ ਅਤੇ ਲੰਗਰ:-** ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਸਕੂਲ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਦਾਸਰੇ:- ਅਖੰਡ ਕੀਰਤਨੀ ਜੱਥਾ ਜਲੰਧਰ । ਪੁੱਛ ਗਿਛ Tel. 294323

## ਪਿੰਡ ਘੁਮਾਣ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 14 ਨਵੰਬਰ ਰਾਤ ਨੂੰ ।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 3 ਤੋਂ 6 ਦਸਬੰਰ 1998

ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ ਪਹਿਲਾ 22 ਤੋਂ 25 ਅਕਤੂਬਰ ਤੱਕ ਹੋਣ ਵਾਲੇ ਕੀਰਤਨ ਸਮਾਗਮ ਹੁਣ 3 ਤੋਂ 6 ਦਸਬੰਰ ਤੱਕ ਹੋਣਗੇ। ਸਮੂਹ ਸੰਗਤਾ ਨੋਟ ਕਰਨ ਜੀ।

**ਪਿੰਡ ਟਹਲੀ, ਹੁਸ਼ਿਆਰਪੁਰ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਤੇ ਰੈਣਿ ਸਬਾਈ ਕੀਰਤਨ 19 ਦਸੰਬਰ ਰਾਤ ਨੂੰ।**

## ਯੂ. ਕੇ ਵਿਖੇ ਅਖੰਡ ਕੀਰਤਨ ਸਮਾਗਮ

1. ਪਹਿਲੀ ਵਾਰ ਰੈਣਿ ਸਬਾਈ ਕੀਰਤਨ 17 ਅਕਤੂਬਰ ਰਾਤ ਨੂੰ ਗੁਰੂ ਨਾਨਕ ਗੁਰਦੁਆਰਾ, FORDENOROAD Queens Park, BEDFORD ਵਿਖੇ। TEL. 01234266531 ਸਾਊਥਾਲ ਅਤੇ ਸਲੋਹ ਦੀਆ ਸੰਗਤਾ ਲਈ ਕੋਚ ਚਲੇਗੀ। ਪੁੱਛ ਗਿਛ ਭਾਈ ਹਰਦੀਪ ਸਿੰਘ 01753-530624
2. ਭਾਈ ਨਿਰਮਲ ਸਿੰਘ ਦੀ ਯਾਦ ਵਿਚ ਕੀਰਤਨ 24 ਅਕਤੂਬਰ ਸ਼ਾਮ 6 ਵਜੇ ਤੋਂ 12 ਵਜੇ ਗੁ: ਗੁਰੂ ਨਾਨਕ ਦਰਬਾਰ CLARANCE PL, GRAVESEND ਵਿਖੇ। ਹੋਰ ਜਾਣਕਾਰੀ ਲਈ ਭਾਈ ਪਰਵਿੰਦਰ ਸਿੰਘ 01474-328527
3. 30 ਅਕਤੂਬਰ ਤੋਂ 1 ਨਵੰਬਰ ਸ੍ਰੀ ਅਖੰਡ ਪਾਠ ਸਾਹਿਬ ਗ੍ਰਹਿ ਭਾਈ ਕੁਲਦੀਪ ਸਿੰਘ, Rangemore Hall, BURTON UNDER NEEDWOOD, BURTON. Tel. No. 01283-712049

(ਯੂ. ਕੇ ਦੇ ਬਾਕੀ ਪ੍ਰੋਗਰਾਮ ਅੰਦਰਲੇ ਪੰਨੇ ਤੇ ਦੇਖੋ)



www.AKJ.Org